# ਸ਼ੇਰ-ਏ-ਪੰਜਾਬ
Sher-E-Panjab

SHER-E-PANJAB (USPS 018-239, ISSN: 1528-0675) is published weekly by Sukhmani Publication, Inc. 2477 Poppy St. East Meadow, NY 11554. The views expressed in these pages are those of the writers and do not necessarily reflect those of Sher-E-Panjab. Annual subscription $25 in the United States; $37 Canada. Periodicals postage paid at East Meadow, New York, N.Y. and at additional mailing offices.
**Postmaster: Please send address changes to Sher-E-Panjab, 2477 Poppy St. East Meadow, NY 11554**

Copyright © 2009, Sher-E-Panjab.


**2477 Poppy St.**
**East Meadow, NY 11554**
**Tel. (516) 783-1001**
**Fax: (516) 783-1004**

**PUBLISHER & EDITOR**
Baldev Singh

**ADVERTISEMENT**
Deepi Grewal

**JALANDHAR OFFICE**
Aman Hammi

**NEW DELHI**
S. Balwant

**SUB EDITORS**
Amandeep Grewal
Sukhvinder Singh
Mrs. Baljit Kaur

**Emails:**
mail@sher-e-panjab.com
editor@sher-e-panjab.com
advt@sher-e-panjab.com

**Correspondents**

Harjap Singh Aujla, NJ
Inder mohan Singh, IL
Resham Singh Saini, MI
Harbans Singh, MI
Karamjit S. Shahi, CA
Hussan Laroya Banga, CA
Jaspal S. Ghotra, IN
Parminder Singh Soch, NY
Sudha Dhingra, NC
Davinder Boparai, CO
S. Manku, VA


## ॥ ਰਾਇ ॥

# ਅਰਾਜਕਤਾ ਵੱਲ ਵਧਦਾ ਪਾਕਿਸਤਾਨ

ਪਾਕਿਸਤਾਨ ਦੇ ਮੌਜੂਦਾ ਗੜਬੜੀ ਵਾਲੇ ਹਾਲਾਤ ਨਾ ਸਿਰਫ ਭਾਰਤ ਲਈ, ਬਲਕਿ ਪੂਰੀ ਦੁਨੀਆ ਲਈ ਹੀ ਸਿਰਦਰਦੀ ਬਣ ਗਏ ਹਨ। ਅੱਜ ਇੱਕ ਵਾਰ ਫਿਰ ਲੱਗਦਾ ਹੈ ਕਿ ਇਹ ਕੌਮ ਸ਼ਾਇਦ ਅਜੇ ਲੋਕ ਰਾਜ ਦੇ ਯੋਗ ਹੀ ਨਹੀਂ।

ਭਾਰਤ ਤੇ ਪਾਕਿਸਤਾਨ ਇੱਕੋ ਰਾਤ ਹੀ ਆਜ਼ਾਦ ਹੋਏ ਸਨ। ਬਲਕਿ ਪਾਕਿਸਤਾਨ ਆਜ਼ਾਦ ਨਹੀਂ ਸੀ ਹੋਇਆ, ਜਿਸ ਰਾਤ ਭਾਰਤ ਅੰਗਰੇਜ਼ੀ ਰਾਜ ਤੋਂ ਆਜ਼ਾਦ ਹੋਇਆ ਸੀ, ਉਸੇ ਰਾਤ ਹੀ ਪਾਕਿਸਤਾਨ ਦਾ ਜਨਮ ਹੋਇਆ ਸੀ। ਭਾਰਤ ਦਾ ਸਦੀਆਂ ਪੁਰਾਣਾ ਇਤਿਹਾਸ ਹੈ, ਸੰਸਕ੍ਰਿਤੀ ਹੈ, ਵਿਰਸਾ ਹੈ, ਪਰ ਪਾਕਿਸਤਾਨ ਦੀ ਮਸਾਂ ਅੱਧੀ ਸਦੀ ਉਮਰ ਹੈ ਤੇ ਇਸਦਾ ਇਤਿਹਾਸ ਲੋਕ ਰਾਜੀ ਘੱਟ, ਤਾਨਾਸ਼ਾਹੀ ਵਧੇਰੇ ਰਿਹਾ ਹੈ। ਇਸ ਦੇਸ਼ ਦੇ ਅਵਾਮ ਨੇ ਜਦ ਜਦ ਵੀ ਲੋਕ ਰਾਜ ਕਾਇਮ ਕੀਤਾ, ਉਹ ਜ਼ਰਜ਼ਰ ਹੋਣ ਨਾਲ ਵੱਧ ਜਾਂਦਾ ਰਿਹਾ, ਤੇ ਫ਼ੌਜੀ ਕਮਾਂਡਰ ਹੁਕਮਰਾਨ ਬਣ ਜਾਂਦੇ ਰਹੇ। ਜਦ ਵੀ ਪਾਕਿਸਤਾਨ ਦੀਆਂ ਲੋਕਰਾਜੀ ਹਕੂਮਤਾਂ ਨੇ ਭਾਰਤ ਨਾਲ ਸੰਬੰਧ ਸੁਧਾਰ ਕੇ, ਇਸ ਖਿੱਤੇ ਵਿਚ ਸ਼ਾਂਤੀ ਸਥਾਪਤ ਕਰਨ ਦੇ ਸੰਜੀਦਾ ਤੇ ਇਮਾਨਦਾਰ ਯਤਨ ਕੀਤੇ ਅਤੇ ਜਦ ਉਹ ਸਫਲਤਾ ਦੇ ਨਜ਼ਦੀਕ ਪੁੱਜ ਜਾਂਦੇ ਰਹੇ, ਉਹਨਾਂ ਨੂੰ ਇੱਕੋ ਝਟਕੇ ਨਾਲ ਲਾਂਭੇ ਕਰ ਦਿੱਤਾ ਜਾਂਦਾ ਰਿਹਾ।

ਰਾਜੀਵ ਗਾਂਧੀ ਵਲੋਂ ਆਪਣੀ ਮੌਤ ਵਾਲੇ ਦਿਨੀ ਨਿਊਯਾਰਕ ਟਾਈਮਜ਼ ਦੀ ਪ੍ਰਤੀਨਿਧ ਨੂੰ ਦਿੱਤਾ ਇੰਟਰਵਿਊ ਇਸਦਾ ਸਬੂਤ ਹੈ। ਰਾਜੀਵ ਗਾਂਧੀ ਨੇ ਉਸ ਇੰਟਰਵਿਊ ਵਿਚ ਕਿਹਾ ਸੀ ਕਿ ਜਨਰਲ ਜ਼ਿਆ ਭਾਰਤ ਨਾਲ ਚੰਗੇਰੇ ਸੰਬੰਧਾਂ ਦੇ ਹਾਮੀ ਹੋ ਗਏ ਸਨ, ਪਰ ਉਹ ਰਹੇ ਨਹੀਂ।

ਯਾਦ ਰਹੇ, ਜਨਰਲ ਜ਼ਿਆ ਅਤੇ ਭਾਰਤ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਿਚਾਲੇ ਸ਼ਾਂਤੀ ਪਰਯਤਨ ਸਫਲਤਾ ਵੱਲ ਵੱਧ ਰਹੇ ਸਨ, ਜਦ ਅਚਾਨਕ 17 ਅਗਸਤ, 1988 ਨੂੰ ਜਨਰਲ ਜ਼ਿਆ ਅਮਰੀਕਾ ਦੇ ਰਾਜਦੂਤ ਤੇ ਪਾਕਿਸਤਾਨ ਦੇ ਹੋਰ ਉੱਚ ਕੋਟੀ ਦੇ ਫ਼ੌਜੀ ਅਫਸਰਾਂ ਸਮੇਤ ਭੇਦ ਭਰੇ ਹਾਲਾਤ ਵਿਚ ਇੱਕ ਹਵਾਈ ਹਾਦਸੇ ਵਿਚ ਮਾਰੇ ਗਏ ਸਨ।

ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਤੇ ਭਾਰਤ ਦੇ ਪ੍ਰਧਾਨ ਮੰਤਰੀ ਵਾਜਪਾਈ ਵਿਚਾਲੇ ਸ਼ਾਂਤੀ ਵਾਰਤਾਲਾਪ ਆਰੰਭ ਹੋਏ ਤਾਂ ਕਾਰਗਿਲ ਕਾਂਡ ਹੋ ਗਿਆ ਤੇ ਅਚਾਨਕ ਉਹਨਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਤੇ ਜਨਰਲ ਮੁਸ਼ੱਰਫ਼ ਹੁਕਮਰਾਨ ਬਣ ਬੈਠੇ।

ਹੁਣ ਕਾਫ਼ੀ ਲੰਬੇ ਅਰਸੇ ਬਾਅਦ ਫਿਰ ਪਾਕਿਸਤਾਨ ਵਿਚ ਲੋਕ ਰਾਜ ਲਈ ਹਾਲਾਤ ਪੈਦਾ ਹੋਏ ਸਨ। ਲੋਕ ਫੌਜੀ ਤਾਨਾਸ਼ਾਹੀ ਤੋਂ ਉਕਤਾ ਗਏ ਸਨ। ਬੇਨਜ਼ੀਰ ਭੁੱਟੋ ਦੀ ਅਗਵਾਈ ਵਿਚ ਇੱਕ ਉਭਾਰ ਆਇਆ ਸੀ। ਜ਼ਾਹਰ ਸੀ ਉਹ ਚੋਣਾਂ ਜਿੱਤ ਕੇ ਪ੍ਰਧਾਨ ਮੰਤਰੀ ਬਣ ਜਾਣਗੇ ਤੇ ਉਹਨਾਂ ਦੇਲੋਕਰਾਜੀ ਤਜ਼ਰਬੇ ਦਾ ਇਸ ਦੇਸ਼ ਨੂੰ ਤੇ ਇਸਦੇ ਗਵਾਂਢੀ ਭਾਰਤ ਨੂੰ ਲਾਭ ਹੋਏਗਾ, ਪਰ ਐਨ ਚੋਣਾਂ ਤੋਂ ਪਹਿਲਾਂ ਭੇਦ ਭਰੇ ਹਾਲਾਤ ਵਿਚ ਉਹਨਾਂ ਨੂੰ ਲਾਂਭੇ ਕਰ ਦਿੱਤਾ ਗਿਆ।

ਆਸਫ ਅਲੀ ਜ਼ਰਦਾਰੀ ਕਦੇ ਵੀ ਰਾਜਨੀਤਕ ਲੀਡਰ ਨਹੀਂ ਸਨ। ਉਹ ਸਿਰਫ ਬੇਗਮ ਭੁੱਟੋ ਦੇ ਖਾਵੰਦ ਹੋਣ ਦਾ ਲਾਭ ਉਠਾ ਕੇ, ਉਹਨਾਂ ਦੇ ਪ੍ਰਧਾਨ ਮੰਤਰੀ ਹੋਣ ਸਮੇਂ, ਦੌਲਤ ਬਟੋਰਦੇ ਰਹੇ ਸਨ ਤੇ ਅੱਯਾਸ਼ੀ ਕਰਦੇ ਰਹੇ ਸਨ। ਉਹ ਕਿਸੇ ਤਰਾਂ ਵੀ ਯੋਗ ਵਿਅਕਤੀ ਨਹੀਂ ਸਨ ਰਹੇ। ਉਹਨਾਂ ਉੱਪਰ ਅਨੇਕਾਂ ਕਿਸਮ ਦੇ ਦੋਸ਼ ਲੱਗਦੇ ਰਹੇ ਸਨ। ਪਰ ਅਚਾਨਕ ਬੇਗਮ ਭੁੱਟੋ ਦੇ ਕਤਲ ਨਾਲ ਉਹ ਹਮਦਰਦੀ ਦਾ ਵੋਟ ਲੈ ਕੇ ਅੱਗੇ ਆ ਗਏ। ਇੱਕ ਵਾਰ ਫਿਰ ਪਾਕਿਸਤਾਨ ਲੀਹ 'ਤੇ ਆਉਣ ਤੋਂ ਰਹਿ ਗਿਆ ਤੇ ਹੁਣ ਇਸ ਦੇ ਨਤੀਜੇ ਸਾਹਮਣੇ ਹਨ।

ਪਾਕਿਸਤਾਨ ਇੱਕ ਲੋਕ ਰਾਜੀ ਨਹੀਂ, ਗੜਬੜੀ ਵਾਲਾ ਦੇਸ਼ ਹੋ ਨਿਬੜਿਆ ਹੈ ਤੇ ਇਹ ਪੂਰੀ ਦੁਨੀਆ ਦੀ ਸਿਰਦਰਦੀ ਬਣ ਗਿਆ ਹੈ।

ਜੇ ਅੱਜ ਪਾਕਿਸਤਾਨ ਦੀ ਹਕੂਮਤ ਬੇਗਮ ਭੁੱਟੋ ਜਾਂ ਮੀਆਂ ਮੁਹੰਮਦ ਨਵਾਜ਼ ਸ਼ਰੀਫ ਦੇ ਹੱਥਾਂ ਵਿਚ ਹੁੰਦੀ ਤਾਂ ਜ਼ਰੂਰ ਹੀ ਹਾਲਤ ਹੁਣ ਨਾਲੋਂ ਕਿਤੇ ਚੰਗੇਰੇ ਹੋਣੇ ਸਨ, ਪਰ ਪਾਕਿਸਤਾਨ ਵਿਚ ਹਕੂਮਤ ਦੀ ਸ਼ਤਰੰਜ ਉੱਥੋਂ ਦੇ ਲੋਕ ਨਹੀਂ ਖੇਡਦੇ, ਕੋਈ ਅਦਿੱਖ ਹੱਥ ਹੀ ਖੇਡਦਾ ਰਿਹਾ ਹੈ।

ਬੇਗਮ ਭੁੱਟੋ ਦਾ ਕਤਲ ਤੇ ਜ਼ਰਦਾਰੀ ਦਾ ਅੱਗੇ ਆ ਜਾਣਾ ਪਾਕਿਸਤਾਨ ਦੇ ਲੋਕਾਂ ਦੀ ਮਰਜ਼ੀ ਨਾਲ ਨਹੀਂ ਹੋਇਆ। ਅਦਿੱਖ ਹੱਥਾਂ ਦੇ ਸਿਰਜੇ ਹਾਲਾਤ ਕਾਰਨ ਹੋਇਆ ਹੈ। ਨਵਾਜ਼ ਸ਼ਰੀਫ਼ ਜਿਹੇ ਤਜਰਬੇਕਾਰ ਲੀਡਰ ਨੂੰ ਨਾ ਸਿਰਫ਼ ਲਾਂਭੇ ਰੱਖਣਾ, ਬਲਕਿ ਉਸ ਨੂੰ ਖਤਮ ਕਰਨ ਦੀਆਂ ਨੀਤੀਆਂ ਨੇ ਮੌਜੂਦਾ ਅਸ਼ਾਂਤੀ ਵਾਲੇ ਹਾਲਾਤ ਸਿਰਜੇ ਹਨ। ਬੇਗਮ ਭੁੱਟੋ ਤੇ ਨਵਾਜ਼ ਸ਼ਰੀਫ ਹੀ ਪਾਕਿਸਤਾਨ ਦੇ ਦੋ ਲੀਡਰ ਸਨ, ਜਿਹੜੇ ਦੋ-ਦੋ ਵਾਰ ਲੋਕਾਂ ਦੀ ਬਹੁਮਤ ਰਾਇ ਨਾਲ ਪਾਕਿਸਤਾਨ ਦੇ ਲੋਕਰਾਜੀ ਪ੍ਰਧਾਨ ਮੰਤਰੀ ਬਣੇ ਸਨ। ਪਿਛਲੀ ਚੋਣਾਂ ਵਿਚ ਦੋਹਾਂ ਨੂੰ ਹੀ ਪ੍ਰਧਾਨ ਮੰਤਰੀ ਦੇ ਅਹੁਦੇ ਤਕ ਨਾ ਪੁੱਜਣ ਦੇਣ ਦੀ ਡੂੰਘੀ ਚਾਲ ਚਲੀ ਗਈ।

ਅੱਜ ਫਿਰ ਅਜਿਹਾ ਲੱਗਣ ਲੱਗ ਪਿਆ ਹੈ ਕਿ ਪਾਕਿਸਤਾਨ ਲੋਕ ਰਾਜ ਦੇ ਯੋਗ ਹੀ ਨਹੀਂ। ਅੱਜ ਫਿਰ ਉੱਥੇ ਫੈਲੀ ਅਰਾਜਕਤਾ ਤੇ ਅੱਤਵਾਦੀਆਂ ਦੇ ਵਧਦੇ ਕਦਮ ਇਹ ਸੋਚ ਪੈਦਾ ਕਰ ਰਹੇ ਹਨ ਕਿ ਕੋਈ 'ਮਜ਼ਬੂਤ ਹੱਥ' ਪਾਕਿਸਤਾਨ ਦੀ ਵਾਗਡੋਰ ਸੰਭਾਲ ਲਏ ਤੇ ਇਸ ਅਰਾਜਕਤਾ ਤੇ ਅੱਤਵਾਦ ਨੂੰ ਦਬਾਅ ਦੇਵੇ।

ਪਹਿਲਾਂ ਵਾਂਗ ਫਿਰ ਮੌਜੂਦਾ ਹਕੂਮਤ ਨੂੰ ਨਾ ਅਹਿਲ ਕਰਾਰ ਦੇ ਕੇ ਕੋਈ ਫ਼ੌਜੀ ਜਨਰਲ ਹਕੂਮਤ ਦੀ ਕੁਰਸੀ ਸੰਭਾਲ ਸਕਦਾ ਹੈ। ਪਾਕਿਸਤਾਨ ਪ੍ਰਮਾਣੂ ਸ਼ਕਤੀ ਸੰਪੰਨ ਦੇਸ਼ ਹੈ। ਉੱਥੇ ਕਮਜ਼ੋਰ ਹਕੂਮਤ ਦਾ ਹੋਣਾ ਦੁਨੀਆ ਭਰ ਲਈ ਖਤਰਾ ਹੈ। ਪ੍ਰਮਾਣੂ ਹਥਿਆਰ ਅੱਤਵਾਦੀਆਂ ਦੇ ਹੱਥ ਲੱਗਣ ਦਾ ਖਦਸ਼ਾ ਹੈ। ਇਸ ਲਈ ਫ਼ੌਜੀ ਹਕੂਮਤ ਦਾ ਆਉਣਾ ਦੁਨੀਆ ਨੂੰ ਜਾਇਜ਼ ਜਾਪ ਸਕਦਾ ਹੈ।

ਅਮਰੀਕਾ ਦੀ ਹਕੂਮਤ ਦਾ ਕੋਈ ਵੀ ਪ੍ਰਤੀਨਿਧ ਜਦ ਵੀ ਪਾਕਿਸਤਾਨ ਜਾਂਦਾ ਹੈ, ਉਹ ਰਾਜਨੀਤਕ ਲੀਡਰਾਂ ਦੇ ਬਰਾਬਰ ਉੱਥੋਂ ਦੀ ਫ਼ੌਜ ਦੇ ਮੁਖੀ ਨੂੰ ਅਹਿਮੀਅਤ ਦਿੰਦਾ ਹੈ ਤੇ ਉਸ ਨੂੰ ਮਿਲਦਾ ਹੈ। ਆਖਰ ਇਸ ਗੱਲ ਦੇ ਵੀ ਤਾਂ ਕੋਈ ਅਰਥ ਹਨ।

## ॥ ਪਾਠਕਾਂ ਦੀ ਰਾਇ ॥

### ***ਵਰੁਣ ਗਾਂਧੀ ਦਾ ਕੱਟੜਵਾਦ***

ਸੰਜੇ ਗਾਂਧੀ ਦੇ ਬੇਟੇ ਵਰੁਣ ਗਾਂਧੀ ਨੇ ਇੱਕ ਵਾਰ ਫਿਰ ਐਮਰਜੈਂਸੀ ਕਾਲ ਦੇ ਸੰਜੇ ਗਾਂਧੀ ਦੀ ਯਾਦ ਤਾਜ਼ਾ ਕਰ ਦਿੱਤੀ ਹੈ। ਸੰਜੇ ਗਾਂਧੀ ਨੇ ਨਸਲੀ ਨਫ਼ਰਤ ਤਾਂ ਨਹੀਂ ਸੀ ਉਭਾਰੀ, ਪਰ ਉਸ ਦੀਆਂ ਜਿਆਦਤੀਆਂ ਨੇ ਸਭ ਨੂੰ ਸੋਚਾਂ ਵਿਚ ਪਾ ਦਿੱਤਾ ਸੀ। ਸਿਆਸਤ ਦੇ ਖੇਤਰ ਵਿਚ ਉਹ ਬੇਲਗਾਮ ਘੋੜਾ ਹੋ ਨਿਬੜਿਆ ਸੀ। ਉਦੋਂ ਇਹ ਵੀ ਚਰਚੇ ਸਨ ਕਿ ਉਸਦੇ ਹੀ ਮਜਬੂਰ ਕਰਨ 'ਤੇ ਇੰਦਰਾ ਗਾਂਧੀ ਨੇ ਲੋਕ ਰਾਜ ਵਿਰੋਧੀ ਕਦਮ ਚੁੱਕ ਕੇ ਦੇਸ਼ ਦੇ ਸੰਵਿਧਾਨ ਨੂੰ ਛਿੱਕੇ ਟੰਗ ਦਿੱਤਾ ਸੀ ਤੇ ਦੇਸ਼ ਵਿਚ ਐਮਰਜੈਂਸੀ ਲਗਾ ਦਿੱਤੀ ਸੀ। ਇਹ ਵੀ ਚਰਚੇ ਸਨ ਕਿ ਉਸ ਨੇ ਸ੍ਰੀਮਤੀ ਇੰਦਰਾ ਗਾਂਧੀ ਉੱਪਰ ਹੱਥ ਚੁੱਕਣ ਤਕ ਦੀਆਂ ਗੁਸਤਾਖੀਆਂ ਵੀ ਕੀਤੀਆਂ ਸਨ।

ਵਰੁਣ ਗਾਂਧੀ ਦੀਆਂ ਸਿਆਸਤ ਦੇ ਖੇਤਰ ਵਿਚ ਪੈਰ ਧਰਦਿਆਂ ਹੀ ਗਿੱਦੜ ਭਬਕੀਆਂ ਨੇ ਸਿਆਸਤ ਦਾ ਰੰਗ ਗੰਧਲਾ ਕਰ ਦਿੱਤਾ ਹੈ। ਉਸਦੀ ਮਾਂ ਮੇਨਕਾ ਗਾਂਧੀ, ਜਿਸਦਾ ਪਿਛੋਕੜ ਸਿੱਖ ਪਰਿਵਾਰ ਨਾਲ ਮੇਲ ਖਾਂਦਾ ਹੈ, ਨੇ ਆਪਣੇ ਇਸ 29 ਵਰ੍ਹਿਆਂ ਦੇ ਪੁੱਤਰ ਲਈ ਆਪਣਾ ਚੋਣ ਖੇਤਰ ਪੀਲੀਭੀਤ (ਯੂ. ਪੀ.) ਦੇ ਦਿੱਤਾ ਹੈ ਤਾਂ ਕਿ ਉਹ ਸੁਖੈਨਤਾ ਨਾਲ ਸਿਆਸਤ ਵਿਚ ਪੈਰ ਜਮ੍ਹਾ ਲਏ। ਉਹ ਇਸ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਵੱਲੋਂ ਚੋਣ ਲੜ ਰਿਹਾ ਹੈ। ਉਸ ਨੇ ਇਸ ਹੱਦ ਤਕ ਕੱਟੜਵਾਦੀ ਰਵੱਈਆ ਅਪਣਾ ਲਿਆ ਹੈ ਕਿ ਬੀ. ਜੇ. ਪੀ. ਵਾਲੇ ਵੀ ਤ੍ਰਹਿ ਗਏ ਹਨ।

ਇੱਕ ਚੋਣ ਜਲਸੇ ਵਿਚ ਉਸ ਨੇ ਕਿਹਾ ਹੈ—ਅਗਰ ਕਿਸੀ ਗਲਤ ਤੱਤਵ ਕੇ ਆਦਮੀ ਨੇ, ਕਿਸੀ ਹਿੰਦੂ ਪੇ ਹਾਥ ਉਠਾਇਆ ਯਾ ਹਿੰਦੂਓਂ ਕੇ ਊਪਰ ਯਹ ਸਮਝ ਕੇ ਕਿ ਯਹ ਕਮਜ਼ੋਰ ਹੈ, ਉਨਕੇ ਪੀਛੇ ਕੋਈ ਨਹੀਂ.....ਹਿੰਦੂਓਂ ਕੇ ਊਪਰ ਹਾਥ ਉਠਾਇਆ, ਮੈਂ ਗੀਤਾ ਕੀ ਕਸਮ ਖਾਕਰ ਕਹਿਤਾ ਹੂੰ ਕਿ ਮੈਂ ਉਸ ਹਾਥ ਕੋ ਕਾਟ ਡਾਲੂੰਗਾ।

ਆਪਣੇ ਚੋਣ ਜਲਸੇ ਵਿਚੋਂ ਉਸ ਨੇ ਇੱਕ 70 ਸਾਲ ਦੇ ਨੇਤਾ ਨੂੰ ਇਹ ਆਖ ਕੇ ਉੱਥੋਂ ਚਲੇ ਜਾਣ ਲਈ ਕਿਹਾ ਹੈ ਕਿ ਇਹ ਹਿੰਦੂਆਂ ਦੀ ਮੀਟਿੰਗ ਹੈ।

ਵਰੁਣ ਦਾ ਨਾਅਰਾ ਹੈ—'ਜੈ ਸ੍ਰੀ ਰਾਮ।' ਉਸਦੇ ਚੋਣ ਨਾਅਰੇ ਹਨ—ਗਊ ਹੱਤਿਆ ਰੁਕਵਾਨਾ ਹੈ, ਵਰੁਣ ਗਾਂਧੀ ਕੋ ਜਿਤਾਨਾ ਹੈ।' 'ਵਰੁਣ ਨਹੀਂ ਯਹ ਆਂਧੀ ਹੈ, ਦੂਸਰਾ ਸੰਜੇ ਗਾਂਧੀ ਹੈ।'

ਵਰੁਣ ਖਿਲਾਫ਼ ਜ਼ਿਲ੍ਹਾ ਅਧਿਕਾਰੀਆਂ ਨੇ ਵੀ ਕਾਰਵਾਈ ਕਰਨ ਦਾ ਫ਼ੈਸਲਾ ਕੀਤਾ ਹੈ। ਉਸਦੀ ਇਹ ਨਸਲੀ ਹਨ੍ਹੇਰੀ ਬੀ. ਜੇ. ਪੀ. ਲਈ ਵੀ ਸਿਰਦਰਦੀ ਬਣ ਗਈ ਹੈ। ਚੋਣ ਕਮਿਸ਼ਨ ਪਾਸ ਵੀ ਉਸ ਦੀਆਂ ਸ਼ਿਕਾਇਤਾਂ ਪੁੱਜ ਗਈਆਂ ਹਨ।

ਹੈਰਾਨੀ ਹੁੰਦੀ ਹੈ ਸ਼ਾਂਤੀ ਦੇ ਪੁਜਾਰੀ ਪੰਡਤ ਜਵਾਹਰ ਲਾਲ ਨਹਿਰੂ ਦੀ ਵੰਸ਼ ਵਿਚੋਂ ਅਜਿਹੇ ਵਾਰਿਸ ਪੈਦਾ ਹੋ ਰਹੇ ਹਨ। ਦਰਅਸਲ ਵਰੁਣ ਜਿਹਿਆਂ ਦਾ ਕੋਈ ਦੀਨ-ਇਮਾਨ ਰਹਿ ਹੀ ਨਹੀਂ ਗਿਆ। ਅਜਿਹਾ ਲੋਕ ਭਾਰਤ ਵਰਗੇ ਬਹੁਜਨ, ਬਹੁ-ਧਰਮੀ ਦੇਸ਼ ਵਿਚ ਕਿਵੇਂ ਚੱਲ ਸਕਦੇ ਹਨ? ਹੁਣ ਦੇਖਣਾ ਹੈ ਬੀ. ਜੇ. ਪੀ. ਆਪਣੇ ਇਸ ਨਵੇਂ ਲੀਡਰ ਦਾ ਕੀ ਕਰਦੀ ਹੈ ਅਤੇ ਪੀਲੀਭੀਤ ਦੇ ਲੋਕ ਇਸ ਦਾ ਵੋਟਾਂ ਨਾਲ ਕੀ ਭਵਿੱਖ ਲਿਖਦੇ ਹਨ?

***—ਗੁਰਮੀਤ ਸਿੰਘ ਸੈਣੀ, ਨਿਊਜਰਸੀ।***

### ***ਦੋ ਗੱਲਾਂ ਕਰੀਏ***

ਪਿਛਲੇ ਦਿਨੀਂ ਸ਼ੇਰ-ਏ-ਪੰਜਾਬ ਵਿਚ 'ਦੋ ਗੱਲਾਂ ਕਰੀਏ' ਲੇਖ ਪੜ੍ਹ ਕੇ ਮਨ ਬਹੁਤ ਦੁੱਖੀ ਹੋਇਆ। ਸਾਰੀ ਉਮਰ ਆਪਣੇ ਬੱਚਿਆਂ ਨੂੰ ਆਪਣੀ ਹਿੱਕ ਨਾਲ ਲਗਾ ਕੇ, ਉਹਨਾਂ ਨੂੰ ਪਾਲਦੇ ਪੋਸਦੇ ਹਨ। ਉਹ ਸੋਚਦੇ ਹਨ ਕਿ ਉਹਨਾਂ ਦਾ ਬੁਢਾਪਾ ਔਲਾਦ ਦੇ ਆਸਰੇ ਕੱਟਿਆ ਜਾਵੇਗਾ। ਪਰ ਬੁਢਾਪੇ ਵਿਚ ਜਦ ਮਾਪਿਆਂ ਨੂੰ ਪੁੱਤਰਾਂ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਉਹ ਉਹਨਾਂ ਨਾਲ ਦੋ ਗੱਲਾਂ ਕਰਨ ਲਈ ਵੀ ਤਰਸ ਜਾਂਦੇ ਹਨ। ਜੇ ਕਿਤੇ ਬੋਲਦੇ ਵੀ ਹਨ ਤਾਂ ਮੰਦਾ ਚੰਗਾ ਬੋਲਦੇ ਹਨ ਤੇ ਉਹਨਾਂ ਦੀ ਲਾਹ ਪਾਹ ਕਰ ਦਿੰਦੇ ਹਨ।

ਅਸੀਂ ਸੋਚਦੇ ਹਾਂ ਕਿ ਬੁਢਾਪੇ ਵਿਚ ਜ਼ਿਆਦਾ ਦੁਆ ਦਾਰੂ ਦੀ ਲੋੜ ਹੁੰਦੀ। ਪਰ ਇਸ ਤੋਂ ਵੀ ਕਿਤੇ ਵੱਧ ਔਲਾਦ ਦੇ ਮਿੱਠੇ ਬੋਲਾਂ ਅਤੇ ਪਿਆਰ ਦੀ ਲੋੜ ਹੁੰਦੀ ਹੈ। ਬੱਚਿਆਂ ਨੂੰ ਚਾਹੀਦਾ ਹੈ ਕਿ ਜਿਵੇਂ ਬਚਪਨ ਵਿਚ ਉਹਨਾਂ ਨੂੰ ਮਾਂ-ਬਾਪ ਦਾ ਪਿਆਰ ਮਿਲਿਆ ਉਸੇ ਤਰ੍ਹਾਂ ਮਾਂ-ਬਾਪ ਦੇ ਬੁਢਾਪੇ ਵਿਚ ਉਹਨਾਂ ਨੂੰ ਪਿਆਰ ਕਰਨ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੀਆਂ ਨੂੰਹਾਂ ਨੂੰ ਆਪਣੀਆਂ ਧੀਆਂ ਵਾਲਾ ਪਿਆਰ ਦੇਣ, ਉਹਨਾਂ ਨੂੰ ਪਰਾਈਆਂ ਨਾ ਸਮਝਣ।

ਬਹੁਤੇ ਪਰਿਵਾਰਾਂ ਵਿਚ ਇਹ ਸੁਣਨ ਨੂੰ ਮਿਲਦਾ ਹੈ ਕਿ ਸਾਡੇ ਮਾਂ-ਬਾਪ ਟੋਕਾ-ਟਾਕੀ ਬਹੁਤ ਕਰਦੇ ਹਨ। ਇੱਕ ਪੁੱਤ ਨੂੰ ਚੰਗਾ ਸਮਝਦੇ ਹਨ, ਦੂਸਰੇ ਨੂੰ ਨਿਕੰਮਾ। ਕਈ ਘਰਾਂ ਵਿਚ ਜੇ ਇੱਕ ਮੈਂਬਰ ਜ਼ਿਆਦਾ ਕਮਾਉਂਦਾ ਹੋਵੇ ਤਾਂ ਘੱਟ ਕਮਾਉਣ ਵਾਲੇ ਦੀ ਕਦਰ ਘੱਟ ਜਾਂਦੀ ਹੈ। ਮਾਪਿਆਂ ਨੂੰ ਪੁੱਤਰਾਂ ਨੂੰ ਪੁੱਤਰਾਂ ਵਾਂਗ ਹੀ ਪਿਆਰ ਕਰਨਾ ਚਾਹੀਦਾ ਹੈ, ਉਹਨਾਂ ਦੀ ਕਮਾਈ ਦਾ ਹਿਸਾਬ ਨਾਲ ਨਹੀਂ।

***—ਤਰਲੋਚਨ ਸਿੰਘ, ਰਾਇਪੁਰ ਰਸੂਲਪੁਰ***

### ਸਿੱਖ ਕਤਲੇਆਮ

ਇਹ ਵਰ੍ਹਾ 84 ਦੇ ਸਿੱਖ ਕਤਲੇਆਮ ਦਾ 25ਵਾਂ ਯਾਦ ਵਰ੍ਹਾ ਹੈ। ਪਿਛਲੇ 25 ਸਾਲਾਂ ਵਿਚ ਸਿੱਖ ਕੌਮ ਨੂੰ ਕੋਈ ਇਨਸਾਫ਼ ਨਹੀਂ ਮਿਲਿਆ ਅਤੇ ਨਾਹੀ ਮਿਲਣ ਦੀ ਕੋਈ ਉਮੀਦ ਹੈ। ਮੈਂ ਤੁਹਾਨੂੰ ਸੁਝਾਅ ਹੈ ਕਿ ਕੌਮ ਨੂੰ ਇਸ ਕਤਲੇਆਮ ਨੂੰ ਭੁੱਲਣ ਨਾ ਦਿਉ। ਆਪਣੇ ਪਾਠਕਾਂ 'ਤੇ ਸ਼ੁਭ ਚਿੰਤਕਾਂ ਨੂੰ ਖੁੱਲ੍ਹਾ ਸੱਦਾ ਦਿਉ ਕਿ ਉਹ ਇਸ ਕਤਲੇਆਮ ਬਾਰੇ ਆਪਣੀਆਂ ਯਾਦਾਂ ਸ਼ੇਰ-ਏ-ਪੰਜਾਬ ਨੂੰ ਲਿਖ ਭੇਜਣ 'ਤੇ ਤੁਸੀਂ ਉਹਨਾਂ ਨੂੰ ਇਹਨਾਂ ਕਾਲਮਾਂ ਵਿਚ ਛਾਪਣੀਆਂ ਸ਼ੁਰੂ ਕਰੋ। ਸਿੱਖ ਕਤਲੇਆਮ ਦੇ 25ਵੇਂ ਵਰ੍ਹੇ 'ਤੇ ਅਜਿਹਾ ਕਰਨਾ ਠੀਕ ਰਹੇਗਾ।

***- ਹਰਿੰਦਰ ਸਿੰਘ, ਨਾਰਥ ਕੈਰੋਲੀਨਾ***


**ਡਾ. ਸਮੀਰਾ ਹਾਰੂਨ ਐਮ ਡੀ**

**ਬੋਰਡ ਸਰਟੀਫਾਈਡ ਡਾਕਟਰ ਬੱਚਿਆਂ ਅਤੇ ਲੜਕੀਆਂ ਦੀਆਂ ਬੀਮਾਰੀਆਂ ਦੇ ਮਾਹਿਰ**
ਸਕੂਲ ਫੀਜ਼ੀਕਲਜ਼, ਐਸ ਟੀ ਡੀ ਦਾ ਗੁਪਤ ਟੈਸਟ
20 ਸਾਲਾਂ ਤੋਂ ਘੱਟ ਕਿਸ਼ੋਰ ਮੁੰਡੇ, ਕੁੜੀਆਂ ਦੇ ਮਸਲੇ
ਗਰਭ ਟੈਸਟ ਅਤੇ ਲੜਕੀਆਂ ਦੇ ਰੋਗਾਂ ਦੇ ਮਾਹਿਰ
ਦਮੇ ਵਰਗੀਆਂ ਬੀਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ
ਮੈਡੀਕੇਡ ਸਮੇਤ ਹਰ ਕਿਸਮ ਦੀ ਮੈਡੀਕਲ
ਇੰਸ਼ੋਰੈਂਸ ਸਵੀਕਾਰ ਕਰਦੇ ਹਾਂ
ਇੰਸ਼ੋਰੈਂਸ ਨਾ ਹੋਣ ਵਾਲਿਆਂ ਤੋਂ ਘੱਟ ਫ਼ੀਸ
**ਸ਼ਾਮ ਦੀ ਅਤੇ ਵੀਕਐਂਡ ਅਪਵਾਇੰਮੈਂਟ ਉਪਲਬਧ**
**ਫੌਰੀ ਅਪਵਾਇੰਟਮੈਂਟ ਲਈ ਕਾਲ ਕਰੋ-**

***Dr. Sameera Haroon MD***
**Board Certified Pediatrician**

718-835-2254
**104-14-113 ST. S Richmond Hill NY 11419**
**Near Liberty Ave**

**ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ**

**ਜਸਪ੍ਰੀਤ ਸਿੰਘ**

• ਰਿਫਿਊਜੀ ਸਟੇਅ • ਵਿਆਹ ਦੇ ਕੇਸ •
ਸਿਟੀਜ਼ਨਸ਼ਿਪ • ਡਿਪੋਰਟੇਸ਼ਨ •
ਇੰਪਲਾਇਮੈਂਟ ਸੰਬੰਧੀ ਸਪਾਂਸਰਸ਼ਿਪ •
ਬਿਜ਼ਨੈਸ ਵੀਜ਼ਾ • ਐਡਾਪਸ਼ਨ ਆਦਿ ਦੇ
ਕੇਸਾਂ ਲਈ ਸੰਪਰਕ ਕਰੋ


Attorney At Law

**LAW OFFICES OF JASPREET SINGH**

**37-18, 73 Street, Suite 401**
**(Near Subzi Mandi)**
**Jackson Hts. NY-11372**
**ਫ਼ੋਨ** (718) 533-8444
**ਫੈਕਸ** (718) 533-8460

**44790 S. Grimmer Blvd. #204**
**Fremont CA-94538**
**ਫੋਨ** - (510) 657-6444
**ਫੈਕਸ** -(510) 657-6443

**2945 W. Capitol Ave.**
**Sacramento, CA 95691**
**ਫੋਨ** - (916) 372-4448
**ਫੈਕਸ** - (916) 372-4440

## 15 ਵਰ੍ਹਿਆਂ ਦੇ ਸਿੱਖ ਬੱਚੇ

# ਅੰਗਦ ਸਿੰਘ ਦੀ ਫ਼ਿਲਮ 'ਰੂਟਸ ਐਂਡ ਵਿੰਗਜ਼' ਹਾਲੀਵੁੱਡ ਫੈਸਟੀਵਲ 'ਚ ਪੁਰਸਕਾਰਿਤ

ਲਾਸ ਏਂਜਲਸ (ਵਿਸ਼ੇਸ਼ ਪ੍ਰਤੀਨਿਧ)-ਇਥੇ 14ਵੇਂ ਸਾਲਾਨਾ ਇੰਟਰਨੈਸ਼ਨਲ ਫੈਮਿਲੀ ਫ਼ਿਲਮ ਫੈਸਟੀਵਲ ਵਿਚ 15 ਵਰ੍ਹਿਆਂ ਦੇ ਸਿੱਖ ਨੌਜਵਾਨ ਅੰਗਦ ਸਿੰਘ ਦੀ ਦਸਤਾਵੇਜ਼ੀ ਫ਼ਿਲਮ 'ਰੂਟਸ ਐਂਡ ਵਿੰਗਜ਼' ਨੇ ਵਿਦਿਆਰਥੀਆਂ ਦੀਆਂ ਫ਼ਿਲਮਾਂ ਦੀ ਸ਼੍ਰੇਣੀ 'ਚੋਂ ਬਿਹਤਰੀਨ ਵਿਦਿਅਕ ਫ਼ਿਲਮ ਹੋਣ ਦਾ ਪੁਰਸਕਾਰ ਪ੍ਰਾਪਤ ਕੀਤਾ ਹੈ।

ਚੈਪਲਿਨ ਥੀਏਟਰ, ਰੈਲੇ ਸਟੂਡੀਓਜ਼ (ਹਾਲੀਵੁੱਡ) ਵਿਚ ਹੋਏ ਪੁਰਸਕਾਰ ਸਮਾਰੋਹ ਵਿਚ 'ਦੀ ਸਿੰਪਸਨਜ਼', 'ਟੌਮ ਐਂਡ ਜੈਰੀ' ਆਦਿ ਐਨੀਮੇਸ਼ਨ ਸੀਰੀਅਲਜ਼ ਦੇ ਐਨੀਮੇਟਰ/ਡਾਇਰੈਕਟਰ/ਪ੍ਰੋਡਿਊਸਰ ਫਿਲ ਰੋਮਨ ਨੇ ਕਿਹਾ ਸੀ-

'ਸੁਪਨੇ ਸੱਚ ਜ਼ਰੂਰ ਹੁੰਦੇ ਨੇ, ਫਰਿਜ਼ਨੋ, ਕੈਲੀਫੋਰਨੀਆ ਦੇ ਮੈਕਸੀਕਨ ਮੁੰਡੇ ਦੇ ਵੀ ਸੁਪਨੇ ਸੱਚ ਹੋਏ ਸੀ। ਉਹ ਜਦੋਂ 11 ਵਰ੍ਹਿਆਂ ਦੀ ਉਮਰ ਵਿਚ ਆਪਣੀ ਮਾਂ ਨਾਲ 'ਬੈਂਬੀ' ਫ਼ਿਲਮ ਦੇਖਣ ਗਿਆ ਸੀ। ਉਸੇ ਦਿਨ ਉਸਦਾ ਐਨੀਮੇਸ਼ਨ ਫ਼ਿਲਮਾਂ ਬਣਾਉਣ ਦਾ ਸਫ਼ਰ ਆਰੰਭ ਹੋ ਗਿਆ ਸੀ।'

ਉਸ ਦੀ ਗੱਲ ਸੁਣ ਕੇ ਪੂਰਾ ਹਾਲ ਤਾਲੀਆਂ ਨਾਲ ਗੂੰਜ ਉੱਠਿਆ ਸੀ।

ਇਹਨਾਂ ਤਾਲੀਆਂ ਵਿਚੋਂ ਹੀ ਆਵਾਜ਼ ਉਭਰੀ ਸੀ—'ਲੇਡੀਜ਼ ਐਂਡ ਜੈਂਟਲਮੈਨ ਹੁਣ ਅਸੀਂ ਸਟੂਡੈਂਟ ਫ਼ਿਲਮਾਂ ਦੀ ਆਖਰੀ ਸ਼੍ਰੇਣੀ ਵੱਲ ਆਉਂਦੇ ਹਾਂ—ਵਿਦਿਅਕ ਪੱਖੋਂ ਬਿਹਤਰੀਨ ਫ਼ਿਲਮ...

'ਦ ਨਾਮੀਨੀਜ਼ ਆਰ.....

ਨਾਲ ਹੀ ਥੀਏਟਰ ਵਿਚ ਲੱਗੀਆਂ ਸਕ੍ਰੀਨਾਂ ਤੇ ਸਿੱਖ ਅਮਰੀਕਨਾਂ ਦੇ ਚਿਹਰੇ ਤੇ ਆਵਾਜ਼ਾਂ ਉਭਰਨੀਆਂ ਆਰੰਭ ਹੋ ਗਈਆਂ ਸਨ। ਉਸ ਵੇਲੇ ਇਸੇ ਥੀਏਟਰ ਦੀ ਆਖ਼ਰੀ ਕਤਾਰ ਵਿਚ ਬੈਠੇ ਅੰਗਦ ਤੇ ਉਸਦੀ ਮਾਤਾ ਗੁਰਮੀਤ ਕੌਰ ਦੇ ਦਿਲਾਂ ਦੀਆਂ ਧੜਕਣਾਂ ਕੁਝ ਦੇਰ ਲਈ ਰੁਕ ਗਈਆਂ ਸਨ। ਪੂਰਾ ਹਾਲ ਵਿਸ਼ਵ ਭਰ ਦੀਆਂ ਫ਼ਿਲਮੀ ਸ਼ਖ਼ਸੀਅਤਾਂ ਨਾਲ ਭਰਿਆ ਹੋਇਆ ਸੀ।

ਅੰਗਦ ਦੀ ਦਸਤਾਵੇਜ਼ੀ ਫ਼ਿਲਮ ਹਜ਼ਾਰਾਂ ਫ਼ਿਲਮਾਂ ਵਿਚੋਂ ਨਾਮੀਨੇਟ ਹੋਈਆਂ ਤਿੰਨ ਫ਼ਿਲਮਾਂ ਵਿਚ ਚੁਣੀ ਗਈ ਸੀ। ਇਸ ਫੈਸਟੀਵਲ ਵਿਚ ਅਨੇਕਾਂ ਦੇਸ਼ਾਂ ਦੇ ਫ਼ਿਲਮੀ ਕਾਲਜਾਂ, ਸਕੂਲਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੀਆਂ ਫ਼ਿਲਮਾਂ ਆਈਆਂ ਸਨ।

ਅੰਗਦ ਤੇ ਉਸਦੀ ਮੰਮੀ ਲਈ ਇਹ ਪਲ ਬਹੁਤ ਭਾਰੂ ਹੋ ਗਏ ਸਨ। ਅਖੀਰ ਜਦ ਐਲਾਨ ਹੋਇਆ-

"ਐਂਡ ਫਸਟ ਪ੍ਰਾਈਜ਼ ਗੋਜ਼ ਟੂ 'ਰੂਟਸ ਐਂਡ ਵਿੰਗਜ਼' ਬਾਈ ਅੰਗਦ ਸਿੰਘ!"

ਉਹਨਾਂ ਦੀ ਖੁਸ਼ੀ ਦੀ ਕੋਈ ਸੀਮਾ ਨਾ ਰਹੀ।

ਉਸ ਸ਼ਾਮ 80 ਵਰ੍ਹਿਆਂ ਦੇ ਮੈਕਸੀਕਨ ਫਿਲ ਰੋਮਨ ਨੂੰ ਸਮੁੱਚੇ ਜੀਵਨ ਦੀ ਪ੍ਰਾਪਤੀ ਵਜੋਂ ਫੈਸਟੀਵਲ ਦਾ ਸਭ ਤੋਂ ਸਰਵੋਤਮ ਪੁਰਸਕਾਰ 'ਦ ਫਰਿਜ਼ ਐਵਾਰਡ' ਪ੍ਰਾਪਤ ਹੋਇਆ ਸੀ। ਉਸੇ ਸ਼ਾਮ ਸਨਮਾਨਿਤ ਹੋਣ ਵਾਲਾ ਸਭ ਤੋਂ ਛੋਟੀ ਉਮਰ ਦਾ ਲੜਕਾ ਅੰਗਦ ਵੀ ਉਸ ਵਾਂਗ ਹੀ ਫ਼ਿਲਮ ਸਨਅਤ ਦੀ ਵੰਨ-ਸੁਵੰਨਤਾ ਨੂੰ ਪ੍ਰਗਟਾਅ ਰਿਹਾ ਸੀ।

ਜਾਰਜੀਆ ਦੇ ਐਲਫਰੇਟਾ ਵਿਚਲੇ ਮਿਲਟਨ ਹਾਈ ਸਕੂਲ ਦੇ 15 ਵਰ੍ਹਿਆਂ ਦੇ ਇਸ ਸਿੱਖ ਅਮਰੀਕਨ ਲੜਕੇ ਨੂੰ ਵਿਦਿਆਰਥੀ ਸ਼੍ਰੇਣੀ ਦਾ ਬਿਹਤਰੀਨ ਵਿਦਿਅਕ ਫ਼ਿਲਮ ਦਾ ਪੁਰਸਕਾਰ ਪ੍ਰਾਪਤ ਹੋਇਆ ਸੀ।

ਇਸ ਚੌਧਵੇਂ ਇੰਟਰਨੈਸ਼ਨਲ ਫੈਮਿਲੀ ਫ਼ਿਲਮ ਫੈਸਟੀਵਲ ਦੀ ਮੁੱਖ ਸੁਰ ਸੀ—ਮਹਾਨ ਗਾਥਾਵਾਂ ਪਰਿਵਾਰਾਂ ਨੂੰ ਜੋੜਦੀਆਂ ਹਨ। ਇਸ ਮੇਲੇ ਨੇ ਸੱਚਮੁੱਚ ਹੀ ਦੁਨੀਆ ਭਰ ਤੋਂ ਆਏ ਲੋਕਾਂ ਤੇ ਫ਼ਿਲਮਕਾਰਾਂ ਨੂੰ ਆਪਸ ਵਿਚ ਜੋੜ ਦਿੱਤਾ ਸੀ। ਉਹ ਸਭ ਪਰਿਵਾਰ ਮੁਖੀ ਫ਼ਿਲਮਾਂ ਦਾ ਆਨੰਦ ਮਾਣ ਰਹੇ ਸਨ, ਜਿਹਨਾਂ ਵਿਚ ਨਾ ਤਾਂ ਕੋਈ ਬੇਤੁਕੀ ਹਿੰਸਾ ਸੀ, ਨਾ ਕੋਈ ਨੰਗੇਜ਼ ਤੇ ਨਾ ਹੀ ਕੋਈ ਭੱਦੀ ਸ਼ਬਦਾਵਲੀ। ਬੱਸ ਜੇ ਕੁਝ ਸੀ ਤਾਂ ਸਿਰਫ ਸੋਨ ਸੁਨਹਿਰੀ ਸੰਦੇਸ਼।

ਉਸ ਦਿਨ ਤਾਂ ਫ਼ਿਲਮੀ ਪਰਦੇ ਤੋਂ ਪਰ੍ਹਾਂ ਵੀ ਦਿਲਚਸਪ ਗਾਥਾਵਾਂ ਜਨਮ ਲੈ ਰਹੀਆਂ ਸੀ।

ਇਹਨਾਂ ਗਾਥਾਵਾਂ ਵਿਚੋਂ ਇੱਕ ਨੇ ਇਸ ਮੇਲੇ ਵਿਚ ਸ਼ਾਮਲ ਹੋਣ ਲਈ ਆ ਰਹੇ ਅੰਗਦ ਦੇ ਦਿਲ ਨੂੰ ਗੁਦਗੁਦਾ ਦਿਤਾ ਸੀ। ਉਸ ਪਲ ਉਸ ਅੱਗੇ ਇਹ ਗੱਲ ਹੋਰ ਵੀ ਉਘੜ ਕੇ ਸਪੱਸ਼ਟ ਹੋ ਗਈ ਸੀ ਕਿ ਉਸਨੇ ਆਪਣੇ ਮੋਢਿਆਂ 'ਤੇ ਦੁਨੀਆ ਨੂੰ ਜਾਗ੍ਰਿਤ ਕਰਨ ਲਈ ਫ਼ਿਲਮਾਂ ਬਣਾਉਣ ਦੀ ਜ਼ਿੰਮੇਵਾਰੀ ਕਿਉਂ ਲਈ ਹੋਈ ਹੈ।

ਉਸ ਸਵੇਰ ਅੰਗਦ ਇਸ ਫ਼ਿਲਮ ਫੈਸਟੀਵਲ ਦੇ ਹੋਣ-ਸਥਾਨ, ਰੈਲੇ ਸਟੂਡੀਓ, ਪੁੱਜਣ ਲਈ ਆਪਣੀ ਮੰਮੀ ਨਾਲ ਬੱਸ ਦੀ ਇੰਤਜ਼ਾਰ ਕਰ ਰਿਹਾ ਸੀ। ਉਸ ਦੀ ਛਾਤੀ 'ਤੇ ਲੱਗੇ ਫੈਸਟੀਵਲ ਦੇ ਬੈਜ ਨੂੰ ਦੇਖ ਕੇ, ਇੱਕ ਆਦਮੀ ਨੇ ਉਸ ਨੂੰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਸੀ । ਉਸ ਨੂੰ ਅਲ-ਕਾਇਦਾ ਦਾ ਸਿਖਿਆਰਥੀ ਤਕ ਆਖ ਦਿੱਤਾ ਸੀ।

'ਉਹ ਅੱਜ ਕੱਲ੍ਹ ਤੁਹਾਨੂੰ ਨੌਜਵਾਨਾਂ ਨੂੰ ਟਰੇਂਡ ਕਰ ਰਹੇ ਹਨ। ਮੈਨੂੰ ਪਤੈ, ਤੂੰ ਉਸ ਵਿਸ਼ੇਸ਼ ਸਥਾਨ ਦੀ ਵੀਡੀਓ ਬਣਾਉਣ ਜਾ ਰਿਹੈਂ ਤਾਂ ਕਿ ਉਸ ਨੂੰ ਬੰਬਾਂ ਨਾਲ ਉਡਾ ਸਕੇਂ।' ਉਸ ਗੁੰਡੇ ਦੇ ਗਾਹਲ਼ਾਂ ਵਰਗੇ ਬੋਲ ਉਭਰ ਰਹੇ ਸਨ।

ਅੰਗਦ ਤੇ ਉਸਦੀ ਮੰਮੀ ਨੇ ਉਸ ਗੁੰਡੇ ਨੂੰ ਬਥੇਰਾ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਤਾਂ ਲੋਕਾਂ ਨੂੰ ਸਮਝਾਉਣ ਲਈ ਫ਼ਿਲਮਾਂ ਬਣਾਉਂਦਾ ਹੈ। ਉਹ ਤਾਂ ਸ਼ਾਂਤੀ ਦਾ ਸਿਪਾਹੀ ਹੈ, ਪਰ ਉਹ ਗੁੰਡਾ ਸਮਝਣ ਦੀ ਥਾਂ, ਹੋਰ ਬਕਵਾਸ ਕਰੀ ਜਾ ਰਿਹਾ ਸੀ।

ਅੰਗਦ 'ਤੇ ਉਸ ਦੀਆਂ ਗਾਹਲਾਂ ਅਤੇ ਬਕਵਾਸ ਦਾ ਹੋਰ ਹੀ ਪ੍ਰਭਾਵ ਪੈ ਰਿਹਾ ਸੀ। ਉਹ ਸੋਚ ਰਿਹਾ ਸੀ—ਅਜਿਹੇ ਲੋਕਾਂ ਨੂੰ ਸਮਝਾਉਣ ਲਈ ਅਜੇ ਉਸ ਨੂੰ ਹੋਰ ਬਹੁਤ ਕੁਝ ਕਰਨਾ ਪਵੇਗਾ। ਦੁਨੀਆ 'ਚੋਂ ਅਗਿਆਨਤਾ ਦਾ ਹਨ੍ਹੇਰਾ ਦੂਰ ਕਰਨ ਲਈ ਉਸ ਨੂੰ ਆਪਣੀ ਮਿਹਨਤ ਨਾਲ ਅਜੇ ਬਹੁਤ ਫ਼ਿਲਮੀ ਦੀਪਕ ਜਲਾਉਣੇ ਪੈਣਗੇ..... ਤੇ ਉਹ ਬੱਸ ਚੜ੍ਹਨ ਤੱਕ ਹੋਰ ਵੀ ਦ੍ਰਿੜ੍ਹ ਨਿਸ਼ਚਿਤ ਹੋ ਗਿਆ ਸੀ।

ਗਾਹਲਾਂ ਤੇ ਨਫਰਤ ਨਾਲ ਸ਼ੁਰੂ ਹੋਈ ਉਸ ਦਿਨ ਦੀ ਗਾਥਾ ਦਾ ਅੰਤ ਸ਼ਾਮ ਨੂੰ ਰੈਲੇ ਥੀਏਟਰ ਵਿਚ ਹੋਇਆ ਸੀ, ਜਦ ਉਸ ਦੀਆਂ ਚਹੇਤੀਆਂ ਐਨੀਮੇਸ਼ਨ ਫ਼ਿਲਮਾਂ ਦੇ ਬਨਾਉਣ ਵਾਲੇ ਫ਼ਿਲਮਕਾਰ ਫਿਲ ਰੋਮਨ ਨੇ ਉਸਦੀ ਪਿੱਠ ਥਾਪੜੀ ਸੀ ਤੇ ਉਸਦੀ ਫ਼ਿਲਮ ' ਰੂਟਜ਼ ਐਂਡ ਵਿੰਗਜ਼' ਦੀ ਸਰਾਹਨਾ ਕੀਤੀ ਸੀ। ਉਸ ਨੂੰ ਪੁਰਸਕਾਰਿਤ ਕੀਤਾ ਸੀ। ਉਹ ਉਸ ਸਮੇਂ ਹੋਰ ਵੀ ਪ੍ਰੇਰਿਤ ਹੋ ਗਿਆ ਸੀ । ਜਦ ਅੰਗਦ ਸਟੇਜ 'ਤੇ 'ਧੰਨਵਾਦ' ਦੇ ਦੋ ਸ਼ਬਦ ਬੋਲਣ ਲੱਗਾ ਸੀ—ਉਸ ਦੇ ਸਾਰੇ ਯਤਨ, ਉਸਦੀ ਸਾਰੀ ਮਿਹਨਤ, ਉਸਦੇ ਸਾਰੇ ਪੁਰਸਕਾਰ ਸਭ ਇਕੱਠੇ ਹੋ, ਉਸਦੀ ਝੋਲੀ ਆਣ ਪਏ ਸਨ।

ਅੰਗਦ ਪਾਸੋਂ ਜੇ ਉਸ ਸ਼ਾਮ ਦੀ ਸਭ ਤੋਂ ਯਾਦ ਯੋਗ ਗੱਲ ਪੁੱਛੋ ਤਾਂ ਉਹ ਦੱਸਦਾ ਹੈ ਕਿਵੇਂ ਉਸਦਾ ਮਨਪਸੰਦ ਕਿਰਦਾਰ—ਬਾਰਟ ਸਿੰਪਸਨ ਉਸ ਕੋਲ ਆਇਆ ਸੀ ਤੇ ਉਸ ਦੀ ਪ੍ਰਸ਼ੰਸਾ ਕੀਤੀ ਸੀ।


ਸਿੰਪਸਨਜ਼ ਸੀਰੀਅਲ ਵਿਚ ਬੇਟੇ ਬਾਰਟ ਸਿੰਪਸਨ ਨੂੰ ਨਟਖਟ ਆਵਾਜ਼ ਦੇਣ ਵਾਲੀ ਐਕਟ੍ਰੈੱਸ ਨੈਂਸੀ ਕਾਰਟਰਾਈਟ ਤੇ 'ਸਿੰਪਸਨਜ਼' ਦੇ ਹੋਰ ਪਾਤਰ ਉਸ ਸ਼ਾਮ ਅੰਗਦ ਕੋਲ ਆਏ ਸਨ ਤੇ ਉਸ ਨਾਲ ਗੱਲਾਂ ਕਰਦੇ ਰਹੇ ਸਨ ਤੇ ਨੈਂਸੀ ਨੇ ਬਾਰਟ ਦੀ ਆਵਾਜ਼ ਵਿਚ ਹੀ ਉਸ ਨਾਲ ਗੱਲਾਂ ਕੀਤੀਆਂ ਸਨ।

ਅੰਗਦ ਜਦ ਸਮਾਜ ਵਿਚ ਬਦਲਾਅ ਲਿਆਉਣ ਵਾਲੀਆਂ ਫ਼ਿਲਮਾਂ ਬਣਾਉਣ ਵਿਚ ਰੁੱਝਾ ਹੁੰਦਾ ਹੈ ਤਾਂ ਥੋੜ੍ਹਾ ਆਰਾਮ ਕਰਨ 'ਤੇ ਥਕਾਵਟ ਲਾਹੁਣ ਲਈ 'ਸਿੰਪਸਨਜ਼' ਸੀਰੀਅਲ ਦੇਖਦਾ ਹੈ। ਕਦੇ ਕਦੇ ਤਾਂ ਉਹ ਦੇਖਦਾ ਦੇਖਦਾ ਖਿੜਖਿੜਾ ਕੇ ਹੱਸਦਾ ਹੈ।

ਅੰਗਦ ਨੇ ਆਪਣੀ ਦਸਤਾਵੇਜ਼ੀ ਫ਼ਿਲਮ ਵਿਚ ਜਾਨ ਐੱਫ. ਕੈਨੇਡੀ ਦੀ ਟੂਕ ਇਸਤੇਮਾਲ ਕੀਤੀ ਹੈ—"ਅਮਰੀਕਨਾਂ ਦੀ ਇਸ ਪੀੜ੍ਹੀ ਦੇ ਮੋਢਿਆਂ 'ਤੇ ਦੁਨੀਆ ਨੂੰ ਇਹ ਵਿਸ਼ਵਾਸ ਦੁਆਉਣ ਦੀ ਜ਼ਿੰਮੇਵਾਰੀ ਹੈ ਕਿ ਜਦ ਅਸੀਂ ਇਹ ਆਖਦੇ ਹਾਂ ਕਿ ਪ੍ਰਮਾਤਮਾ ਨੇ ਸਭ ਨੂੰ ਬਰਾਬਰ ਤੇ ਆਜ਼ਾਦ ਪੈਦਾ ਕੀਤਾ ਹੈ ਤਾਂ ਅਸੀਂ ਇਹ ਸੱਚੇ ਦਿਲੋਂ ਆਖ ਰਹੇ ਹੁੰਦੇ ਹਾਂ। ਅਸੀਂ ਭਾਵੇਂ ਸਾਰੇ ਇਹ ਮੰਨ ਰਹੇ ਹੋਈਏ ਕਿ ਅਸੀਂ ਬਹੁਤ ਸ਼ਾਂਤ ਦੁਨੀਆ ਵਿਚ ਰਹਿ ਰਹੇ ਹਾਂ, ਪਰ ਅਸਲ ਵਿਚ ਅਜਿਹਾ ਨਹੀਂ ਹੈ। ਤੇ ਜੇ ਸਾਨੂੰ ਲੱਗਦਾ ਹੈ ਕਿ ਅਸੀਂ ਬਹੁਤ ਹੀ ਕਠਿਨ ਤੇ ਪ੍ਰੇਸ਼ਾਨੀਆਂ ਪੈਦਾ ਕਰਨ ਵਾਲੇ ਸਮੇਂ ਵਿਚ ਜੀਅ ਰਹੇ ਹਾਂ ਤਾਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਸਮਾਂ ਚੁਣੌਤੀਆਂ ਤੇ ਚੰਗੇਰੀਆਂ ਸੰਭਾਵਨਾਵਾਂ ਨਾਲ ਭਰਿਆ ਪਿਆ ਹੈ।"

ਜੇ. ਐੱਫ. ਕੈਨੇਡੀ ਦੇ ਇਹ ਸ਼ਬਦ ਅੰਗਦ ਨੇ ਆਪਣੀ ਫ਼ਿਲਮ ਵਿਚ ਵਰਤੇ ਹੀ ਨਹੀਂ, ਸਗੋਂ ਸੱਚਮੁੱਚ ਅਪਣਾਅ ਲਏ ਹਨ। ਉਹ ਆਪਣੇ ਮੋਢਿਆਂ 'ਤੇ ਸੱਚਮੁੱਚ ਹੀ ਇਹ ਜ਼ਿੰਮੇਵਾਰੀ ਲੈ ਬੈਠਾ ਹੈ ਕਿ ਉਹ ਦੁਨੀਆ ਨੂੰ ਸਾਬਤ ਕਰੇਗਾ ਕਿ ਪ੍ਰਮਾਤਮਾ ਨੇ ਸਭ ਨੂੰ ਆਜ਼ਾਦ ਤੇ ਬਰਾਬਰ ਪੈਦਾ ਕੀਤਾ ਹੈ।

ਜਿਸ ਵੀ ਇਨਸਾਨ ਨੂੰ ਇਹ ਜਾਪਦਾ ਹੈ ਕਿ ਉਹ ਆਪਣੀ ਸੂਰਤ ਕਰਕੇ ਜਾਂ ਆਪਣੇ ਵਿਚਾਰਾਂ ਕਰਕੇ ਬਾਕੀ ਲੋਕਾਂ ਤੋਂ ਵੱਖਰਾ ਹੈ ਤੇ ਇਸ ਲਈ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਅੰਗਦ ਦੀ ਫਿਲਮ 'ਰੂਟਸ ਐਂਡ ਵਿੰਗਜ਼' ਉਸ ਨਾਲ ਗੱਲਾਂ ਕਰਦੀ ਹੈ, ਇਹ ਫ਼ਿਲਮ ਅਜਿਹੇ ਲੋਕਾਂ ਨੂੰ ਆਪਣਾ ਨਜ਼ਰੀਆ ਵਿਸ਼ਾਲ ਕਰਨ ਲਈ ਅਤੇ ਆਪਣੀਆਂ ਮਿਥੀਆਂ ਲੀਹਾਂ ਤੋਂ ਹਟ ਕੇ ਸੋਚਣ ਲਈ ਪ੍ਰੇਰਦੀ ਹੈ। 'ਰੂਟਸ ਐਂਡ ਵਿੰਗਜ਼' ਅੰਗਦ ਦੀ ਦੂਸਰੀ ਦਸਤਾਵੇਜ਼ੀ ਫ਼ਿਲਮ ਹੈ। ਉਸ ਦੀ ਪਹਿਲੀ ਫ਼ਿਲਮ ਸੀ 'ਇਕ ਜੋਤ', ਜੋ ਕਈ ਕੌਮਾਂਤਰੀ ਪੁਰਸਕਾਰ ਜਿੱਤ ਚੁੱਕੀ ਹੈ।



'ਸਿੰਪਸਨਜ਼' ਸੀਰੀਅਲ ਦੇ ਐਨੀਮੇਟਰ, ਨਿਰਦੇਸ਼ਕ ਤੇ ਪ੍ਰੋਡਿਊਸਰ ਫ਼ਿਲਮ ਰੋਮਨ ਨਾਲ ਅੰਗਦ ਨੂੰ ਮਿਲਾਉਂਦੀ ਐਕਟ੍ਰੈੱਸ ਨੈਂਸੀ ਕਾਰਟਰਾਈਟ।




ਅੰਗਦ ਸਿੰਘ ਆਪਣੀ ਫ਼ਿਲਮ 'ਰੂਟਸ ਐਂਡ ਵਿੰਗਜ਼' ਲਈ ਪ੍ਰਾਪਤ ਹੋਏ ਪ੍ਰਮਾਣ-ਪੱਤਰ ਸਮੇਤ ਆਪਣੀ ਫ਼ਿਲਮ ਦੇ ਪੋਸਟਰ ਪਾਸ ਖਲੋਤਾ ਹੈ।


## ਯੂਨੀਅਨ ਟਰੱਕ ਐਂਡ ਬੱਸ ਡਰਾਈਵਿੰਗ ਸਕੂਲ

**ਬੇਕਰਸਫੀਲਡ- ਕੈਲੀਫੋਰਨੀਆ**

ਕੈਲੀਫ਼ੋਰਨੀਆ ਤੋਂ ਲੈ ਕੇ ਮੇਰੀਲੈਂਡ ਤੱਕ Owner/Operators ਦੀ ਲੋੜ ਹੈ।







ਲਾਈਸੈਂਸ ਉਪਰੰਤ ਨੌਕਰੀ ਦੀ ਪੱਕੀ **ਗਰੰਟੀ**

•ਟਰੱਕ ਡਰਾਈਵਿੰਗ ਸਕੂਲ ਕੈਲੀਫੋਰਨੀਆ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ। •ਲਾਈਸੈਂਸ ਲੈਣ ਉਪਰੰਤ ਅਮਰੀਕਾ ਦੀਆਂ ਵੱਡੀਆਂ ਟਰੱਕ ਕੰਪਨੀਆਂ ਵਿਚ ਨੌਕਰੀ ਦੀ ਪੱਕੀ ਗਰੰਟੀ। ਸਕੂਲ ਵਲੋਂ ਸਰਟੀਫਿਕੇਟ ਵੀ ਦਿੱਤਾ ਜਾਂਦਾ ਹੈ।

**ਹੋਰ ਜਾਣਕਾਰੀ ਲਈ ਸੁੱਖੀ ਘੁੰਮਣ ਜਾਂ ਸਿੱਧੂ ਨੂੰ ਫੋਨ ਕਰੋ ਜਾਂ ਆਪ ਆਉ**

**Phone: 661-364-8122**

2201-South Union Ave, Bakersfield, CA, 93307-USA

# ਚੋਣ ਦਮਾਮਾ : ਭਾਜਪਾ ਦੀ ਸਥਿਤੀ ਕਸੂਤੀ, ਯੂ. ਪੀ. ਏ. ਨੂੰ ਝਟਕਾ

ਨਵੀਂ ਦਿੱਲੀ-14ਵੀਂ ਲੋਕ ਸਭਾ ਦੇ ਗਠਨ ਲਈ ਹੋਣ ਵਾਲੀਆਂ ਚੋਣਾਂ ਦਾ ਮੈਦਾਨ ਪੂਰੀ ਤਰ੍ਹਾਂ ਭਖ਼ ਚੁੱਕਿਆ ਹੈ। ਕੌਮੀ ਤੋਂ ਲੈ ਕੇ ਖੇਤਰੀ ਪਾਰਟੀਆਂ ਨੇ ਅੱਧਿਓਂ ਵੱਧ ਉਮੀਦਵਾਰ ਐਲਾਨ ਦਿੱਤੇ ਹਨ ਤੇ ਚੋਣ ਪ੍ਰਚਾਰ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਹਰ ਪਾਰਟੀ ਆਪੋ-ਆਪਣੇ ਗੁਣਗਾਨ ਕਰਨ ਵਿਚ ਰੁੱਝੀ ਹੋਈ ਹੈ ਤੇ ਵਿਰੋਧੀ ਖੇਮੇ ਨੂੰ ਨਿਕੰਮਾ ਤੇ ਜਨਤਾ ਦਾ ਦੁਸ਼ਮਣ ਸਾਬਤ ਕਰ ਰਹੀ ਹੈ। ਸਭ ਤੋਂ ਤਿੱਖੀ ਸੁਰ ਹਿੰਦੂਤਵਵਾਦੀ ਪਾਰਟੀਆਂ ਦੀ ਹੈ। ਭਾਜਪਾ ਦੇ ਪੀਲੀਭੀਤ ਲੋਕ ਸਭਾ ਹਲਕੇ ਤੋਂ ਨੌਜਵਾਨ ਉਮੀਦਵਾਰ ਵਰੁਣ ਗਾਂਧੀ ਨੇ ਇੱਕ ਚੋਣ ਜਲਸੇ ਵਿਚ ਮੁਸਲਮਾਨ ਭਾਈਚਾਰੇ ਖਿਲਾਫ਼ ਤਿੱਖੀਆਂ ਟਿੱਪਣੀਆਂ ਕੀਤੀਆਂ ਤੇ ਕਿਹਾ, "ਇਹ ਹੱਥ (ਕਾਂਗਰਸ ਦਾ ਚੋਣ ਨਿਸ਼ਾਨ) ਨਹੀਂ ਹੈ, ਇਹ ਕਮਲ (ਭਾਜਪਾ ਦਾ ਚੋਣ ਨਿਸ਼ਾਨ) ਦੀ ਤਾਕਤ ਹੈ। ਇਹ .... ਸਿਰ ਵੱਢ ਦੇਵੇਗਾ..... ਜੈ ਸ੍ਰੀਰਾਮ। ..... ਜੇ ਕੋਈ ਹਿੰਦੂਆਂ ਖਿਲਾਫ਼ ਉਂਗਲ ਚੁੱਕਦਾ ਹੈ ਤੇ ਜੇ ਉਹ ਇਹ ਸੋਚਦਾ ਹੈ ਕਿ ਹਿੰਦੂ ਕਮਜ਼ੋਰ ਤੇ ਅਗਵਾਈਹੀਣ ਹਨ ਤਾਂ ਉਹ (ਵਰੁਣ) ਅਜਿਹਾ ਹੱਥ ਵੱਢ ਦੇਵੇਗਾ।" ਇਹ ਬਿਆਨ ਭਾਰਤੀ ਕਾਨੂੰਨ ਮੁਤਾਬਿਕ ਇੱਕ ਵਿਸ਼ੇਸ਼ ਫ਼ਿਰਕੇ ਦੀਆਂ ਭਾਵਨਾਵਾਂ ਭੜਕਾਉਂਦਾ ਹੈ ਤੇ ਇਸੇ ਕਰਕੇ ਚੋਣ ਕਮਿਸ਼ਨ ਦੀ ਹਦਾਇਤ 'ਤੇ ਉਸ ਨੂੰ ਗੈਰ-ਜ਼ਮਾਨਤੀ ਵਾਰੰਟ ਉਸੇ ਵੇਲੇ ਜਾਰੀ ਕਰ ਦਿੱਤੇ ਗਏ। ਜੇ ਮਾਮਲੇ ਦੀ ਜਾਂਚ ਕਰਨ ਵਾਲੇ ਇਮਾਨਦਾਰੀ ਵਰਤਣਗੇ ਤੇ ਵਰੁਣ ਦੋਸ਼ੀ ਸਾਬਤ ਹੋ ਗਿਆ ਤਾਂ ਉਸ ਦੀ ਉਮੀਦਵਾਰੀ ਵੀ ਰੱਦ ਹੋ ਜਾਵੇਗੀ ਤੇ ਉਸ ਨੂੰ 3 ਸਾਲ ਦੀ ਕੈਦ ਵੀ ਹੋ ਸਕਦੀ ਹੈ।

ਓਧਰ ਇਸ ਮੁੱਦੇ 'ਤੇ ਭਾਜਪਾ ਵਿਚ ਫੁੱਟ ਪੈ ਗਈ ਹੈ। ਕਈ ਆਗੂ ਵਰੁਣ ਨਾਲ ਡਾਢੇ ਨਾਰਾਜ਼ ਹੋ ਗਏ ਤੇ ਉਸ ਨੂੰ ਮੁਸਲਮਾਨ ਭਾਈਚਾਰੇ ਤੋਂ ਮੁਆਫ਼ੀ ਮੰਗਣ ਲਈ ਕਿਹਾ, ਪਰ ਉਸ ਨੇ ਅੜਦਿਆਂ ਕਿਹਾ ਕਿ ਉਸ ਨੂੰ ਤਾਂ ਹਿੰਦੂ ਹੋਣ 'ਤੇ ਮਾਣ ਹੈ। ਸ਼ਿਵ ਸੈਨਾ ਇਸ ਮਾਮਲੇ 'ਤੇ ਵਰੁਣ ਗਾਂਧੀ ਦੀ ਪਿੱਠ ਥਾਪੜ ਰਹੀ ਹੈ। ਪਰ ਲਾਲ ਕ੍ਰਿਸ਼ਨ ਅਡਵਾਨੀ, ਰਾਜਨਾਥ ਸਿੰਘ ਸਣੇ ਹੋਰ ਕਈ ਆਗੂ ਪ੍ਰੇਸ਼ਾਨੀ ਵਿਚ ਪੈ ਗਏ ਹਨ। ਉਨ੍ਹਾਂ ਨੂੰ ਮੀਡੀਆ ਦੇ ਤਿੱਖੇ ਸੁਆਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੋਣ ਸਮੀਖਿਅਕ ਕਿਆਸੇ ਲਾ ਰਹੇ ਹਨ ਕਿ ਜੇ ਸੀਨੀਅਰ ਭਾਜਪਾਈਆਂ ਨੇ ਵਰੁਣ ਨੂੰ ਚੋਣ ਮੈਦਾਨ ਵਿਚੋਂ ਨਾ ਹਟਾਇਆ ਤਾਂ ਇਸ ਦਾ ਖਮਿਆਜ਼ਾ ਭਾਜਪਾ ਨੂੰ ਭੁਗਤਣਾ ਪਵੇਗਾ।




### ਉਮਾ ਕਰੇਗੀ ਭਾਜਪਾ ਲਈ ਪ੍ਰਚਾਰ

ਭਾਰਤੀ ਜਨ ਸ਼ਕਤੀ ਪਾਰਟੀ ਦੀ ਆਗੂ ਉਮਾ ਭਾਰਤੀ ਨੇ ਕਿਹਾ ਕਿ ਲਾਲ ਕ੍ਰਿਸ਼ਨ ਅਡਵਾਨੀ ਉਹਨਾਂ ਦੇ ਪਿਤਾ ਅਤੇ ਰਾਜਨਾਥ ਸਿੰਘ ਭਰਾ ਵਰਗੇ ਹਨ। ਭਾਜਪਾ ਪ੍ਰਤੀ ਆਲੋਚਨਾਤਮਕ ਰਵੱਈਏ ਦਾ ਤਿਆਗ ਕਰਦਿਆਂ ਉਹਨਾਂ ਕਿਹਾ ਕਿ ਦੇਸ਼ ਹਿੱਤ ਖਾਤਿਰ ਲੋਕ ਸਭਾ ਚੋਣਾਂ ਦੌਰਾਨ ਉਹ ਭਾਜਪਾ ਲਈ ਚੋਣ ਪ੍ਰਚਾਰ ਕਰੇਗੀ। ਕਦੇ ਅਡਵਾਨੀ ਸਣੇ ਭਾਜਪਾ ਦੇ ਵੱਡੇ ਆਗੂਆਂ ਦੀ ਸਖ਼ਤ ਆਲੋਚਨਾ ਕਰਕੇ ਭਾਜਪਾ ਛੱਡ ਕੇ ਆਪਣੀ ਵੱਖਰੀ ਪਾਰਟੀ ਬਣਾਉਣ ਵਾਲੀ ਇਸ ਤੇਜ਼-ਤਰਾਰ ਮਹਿਲਾ ਆਗੂ ਨੇ ਕਿਹਾ ਕਿ ਵਰਤਮਾਨ ਵਿਚ ਉਹਨਾਂ ਦੀ ਨਜ਼ਰ ਵਿਚ ਅਡਵਾਨੀ ਹੀ ਪ੍ਰਧਾਨ ਮੰਤਰੀ ਅਹੁਦੇ ਦੀ ਸਭ ਤੋਂ ਵਧੀਆ ਉਮੀਦਵਾਰ ਹਨ ਅਤੇ ਅਡਵਾਨੀ ਦੀ ਕਮਾਨ ਹੇਠ ਦੇਸ਼ ਸੁਰੱਖਿਅਤ ਵੀ ਰਹੇਗਾ ਅਤੇ ਵਿਕਾਸ ਵੀ ਕਰੇਗਾ।

### ਯੂ. ਪੀ. ਏ. ਨੂੰ ਝਟਕਾ

ਹੁਣ ਤਕ ਯੂ. ਪੀ. ਏ. ਦਾ ਹਰ ਮੁਸ਼ਕਿਲ ਵਿਚ ਸਾਥ ਦੇਣ ਵਾਲੀ ਰਾਸ਼ਟਰੀ ਜਨਤਾ ਦਲ ਨੇ ਬਿਹਾਰ ਵਿਚ ਇਸ ਗੱਠਜੋੜ ਨੂੰ ਝਟਕਾ ਦਿੰਦਿਆਂ ਲੋਕ ਜਨ ਸ਼ਕਤੀ ਪਾਰਟੀ ਨਾਲ ਸੀਟਾਂ ਦੀ ਵੰਡ 'ਤੇ ਸਮਝੌਤਾ ਕਰ ਲਿਆ ਹੈ। ਬਿਹਾਰ ਵਿਚ ਰਾਜਦ 40 ਵਿਚੋਂ 25 ਸੀਟਾਂ 'ਤੇ ਅਤੇ ਲੋਜਪਾ 12 'ਤੇ ਚੋਣ ਲੜੇਗੀ। ਕਾਂਗਰਸ ਨੂੰ ਸਿਰਫ਼ 3 ਸੀਟਾਂ ਛੱਡੀਆਂ ਗਈਆਂ ਹਨ। ਰਾਜਦ ਮੁਖੀ ਲਾਲੂ ਪ੍ਰਸਾਦ ਯਾਦਵ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਵੱਧ ਸੀਟਾਂ 'ਤੇ ਚੋਣ ਲੜਨਾ ਚਾਹੁੰਦੀ ਸੀ। ਇਸ ਲਈ ਜਿਹੜੀ ਪਾਰਟੀ ਮੰਨੀ ਉਸੇ ਨਾਲ ਉਨ੍ਹਾਂ 'ਰਾਜ਼ੀਨਾਮਾ' ਕਰ ਲਿਆ।

### ਚੋਣ ਡਿਊਟੀ 'ਤੇ ਮੌਤ ਲਈ ਵੱਡਾ ਮੁਆਵਜ਼ਾ

ਚੋਣ ਡਿਊਟੀ ਦੌਰਾਨ ਅੱਤਵਾਦੀ ਜਾਂ ਕਿਸੇ ਵੀ ਗੈਰ-ਸਮਾਜੀ ਤੱਤ ਦੇ ਹਮਲੇ ਕਰਕੇ ਮਾਰੇ ਜਾਣ 'ਤੇ ਮੁਲਾਜ਼ਮਾਂ ਦੇ ਵਾਰਸਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਮਿਲੇਗਾ। ਚੋਣ ਕਮਿਸ਼ਨ ਨੇ ਹੋਰ ਕਿਸੇ ਕਾਰਨ ਡਿਊਟੀ ਦੌਰਾਨ ਮੌਤ ਹੋਣ 'ਤੇ ਮੁਲਾਜ਼ਮਾਂ ਦੇ ਵਾਰਸਾਂ ਨੂੰ ਘੱਟੋ-ਘੱਟ 5 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੀ ਸਿਫ਼ਾਰਸ਼ ਕੀਤੀ ਹੈ।

### ਤੀਜੇ ਮੋਰਚੇ ਬਾਰੇ ਕਿਆਸ-ਅਰਾਈਆਂ

ਤੀਜੇ ਮੋਰਚੇ ਵਿਚ ਕਈ ਭਾਈਵਾਲ ਸ਼ਾਮਲ ਹੋਣ ਕਰਕੇ ਪਹਿਲਾਂ ਹੀ ਕਿਆਸੇ ਲੱਗ ਰਹੇ ਹਨ ਕਿ ਇਸ ਗੱਠਜੋੜ ਦੀ ਬਹੁਤੀ ਨਹੀਂ ਨਿਭਣੀ ਤੇ ਜੇ ਇਹ ਮੋਰਚਾ ਜਿੱਤ ਵੀ ਗਿਆ ਤਾਂ ਹਰ ਧਿਰ ਪ੍ਰਧਾਨ ਮੰਤਰੀ ਅਹੁਦੇ 'ਤੇ ਅੜੇਗੀ। ਬਜ਼ੁਰਗ ਕਮਿਊਨਿਸਟ ਆਗੂ ਜਿਓਤੀ ਬਾਸੂ ਨੇ ਕਿਹਾ ਹੈ ਕਿ ਤੀਜੇ ਮੋਰਚੇ ਦੀ ਸਰਕਾਰ ਬਣਨੀ ਮੁਸ਼ਕਿਲ ਹੈ, ਪਰ ਫਿਰ ਵੀ ਜੇ ਬਣ ਗਈ ਤਾਂ ਸੀ. ਪੀ. ਐੱਮ. ਇਸ ਮੋਰਚੇ ਵਿਚ ਸ਼ਾਮਲ ਹੋ ਜਾਵੇਗੀ।

### ਪ੍ਰਚਾਰ ਦਲਾਲ ਵੀ ਹੋਏ ਸਰਗਰਮ

ਚੋਣਾਂ ਵਿਚ ਹਰ ਤਰ੍ਹਾਂ ਦਾ ਲਾਭ ਲੈਣ ਵਾਲੇ ਤੱਤ ਪੂਰੀ ਤਰ੍ਹਾਂ ਸਰਗਰਮ ਹੋ ਗਏ ਹਨ। ਇਹਨਾਂ ਹੀ ਤੱਤਾਂ ਵਿਚ ਹਨ ਪ੍ਰਚਾਰ ਸਮੱਗਰੀ ਆਦਿ ਤਿਆਰ ਕਰਾਉਣ ਵਾਲੇ ਦਲਾਲ ਆਦਿ। ਭਾਵੇਂ ਕਿ ਅਜੇ ਬਹੁਤੇ ਹਲਕਿਆਂ ਵਿਚ ਉਮੀਦਵਾਰਾਂ ਦਾ ਐਲਾਨ ਨਹੀਂ ਹੋਇਆ ਹੈ, ਪਰ ਅਜਿਹੇ ਦਲਾਲ ਕਿਸਮ ਦੇ ਲੋਕਾਂ ਨੇ ਵੱਖ-ਵੱਖ ਪਾਰਟੀਆਂ ਦੇ ਸੰਭਾਵੀ ਉਮੀਦਵਾਰਾਂ ਤਕ ਪਹੁੰਚ ਕਰਕੇ ਖ਼ੁਦ ਦੇ ਕਮਿਸ਼ਨ ਪੱਕੇ ਕਰਨ ਦੀ ਕਵਾਇਦ ਵੀ ਆਰੰਭ ਲਈ ਹੈ। ਦਿੱਲੀ ਦੇ ਇੱਕ ਵੱਡੇ ਲੀਡਰ ਨੇ ਦੱਸਿਆ ਕਿ ਜਦੋਂ ਦੀ ਉਹਨਾਂ ਦੇ ਨਾਂਅ ਦੇ ਚਰਚੇ ਆਰੰਭੇ ਹੋਏ ਹਨ, ਰੋਜ਼ਾਨਾ ਕੋਈ ਨਾ ਕੋਈ ਆਦਮੀ ਤਰ੍ਹਾਂ-ਤਰ੍ਹਾਂ ਦੇ ਪ੍ਰਸਤਾਵ ਲੈ ਕੇ ਉਹਨਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕੋਈ ਖ਼ੁਦ ਨੂੰ ਮੀਡੀਆ ਸਲਾਹਕਾਰ ਬਣਾਉਣ ਬਾਰੇ ਕਹਿ ਰਿਹਾ ਹੈ ਤੇ ਕੋਈ ਘੱਟ ਤੋਂ ਘੱਟ ਖਰਚ ਵਿਚ ਪ੍ਰਚਾਰ ਦੀ ਗੱਲ ਕਹਿ ਰਿਹਾ ਹੈ। ਕੋਈ ਆਪਣੇ ਚਹੇਤਿਆਂ ਨੂੰ ਝੰਡੇ ਅਤੇ ਬੈਨਰ ਦਾ ਠੇਕਾ ਦਿਵਾਉਣ ਲਈ ਚੱਕਰ ਕੱਢ ਰਿਹਾ ਹੈ।

# ਲੰਡਨ ਦੇ ਪ੍ਰਸਿੱਧ ਗੁਰੂ ਘਰ ਨੂੰ ਅੱਗ




ਗੁਰਦੁਆਰਾ ਸਾਹਿਬ ਦੀ ਇਮਾਰਤ ਅੱਗ ਲੱਗਣ ਵੇਲੇ ਅਤੇ (ਸੱਜੇ) ਧੂੰ-ਧੂੰ ਬਲ਼ਦੀ ਇਮਾਰਤ।

ਲੰਡਨ (ਵਿਸ਼ੇਸ਼ ਪ੍ਰਤੀਨਿਧ)-ਇਥੋਂ ਦੇ ਸਭ ਤੋਂ ਪ੍ਰਸਿੱਧ ਗੁਰਦੁਆਰਾ ਸਾਹਿਬ ਨੂੰ ਨਸਲੀ ਹਮਲੇ ਵਿਚ ਅੱਗ ਲਾ ਦਿੱਤੀ ਗਈ, ਅਜਿਹਾ ਇਸ ਲਈ ਕਿਹਾ ਜਾ ਰਿਹਾ ਹੈ ਕਿਉਂਕਿ ਇਸੇ ਗੁਰੂ ਘਰ ਦੀਆਂ ਕੰਧਾਂ 'ਤੇ ਕੁਝ ਦਿਨ ਪਹਿਲਾਂ ਤਿੱਖੀਆਂ ਨਸਲੀ ਟਿੱਪਣੀਆਂ ਲਿਖੀਆਂ ਗਈਆਂ ਸਨ।

ਅੱਗਜ਼ਨੀ ਦਾ ਖ਼ੌਫ਼ਨਾਕ ਮੰਜ਼ਰ ਅੱਖੀਂ ਵੇਖਣ ਵਾਲਿਆਂ ਦਾ ਕਹਿਣਾ ਹੈ ਕਿ ਇੱਕ ਵਿਅਕਤੀ ਪੂਰਬੀ ਲੰਡਨ ਵਿਚ ਸਥਿਤ ਗੁਰਦੁਆਰਾ ਸਿੰਘ ਸੰਗਤ ਵਿਚ ਦਾਖ਼ਲ ਹੋਇਆ, ਇਹ ਵਿਅਕਤੀ 'ਕਾਲ਼ਾ' ਦੱਸਿਆ ਜਾ ਰਿਹਾ ਹੈ, ਤੇ ਜਦੋਂ ਇਹ ਵਿਅਕਤੀ ਬਾਹਰ ਨਿਕਲਿਆ ਤਾਂ ਗੁਰੂ ਘਰ ਨੂੰ ਅੱਗ ਲੱਗ ਗਈ। ਉੱਥੇ ਹਾਜ਼ਰ ਕੁਝ ਔਰਤਾਂ ਨੇ ਇਸ ਵਿਅਕਤੀ ਨੂੰ ਵੇਖ ਵੀ ਲਿਆ ਸੀ ਤੇ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਵਿਚ ਭੜਕੀ ਅੱਗ ਬੁਝਾਉਣ ਦਾ ਯਤਨ ਵੀ ਕੀਤਾ, ਪਰ ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਉਨ੍ਹਾਂ ਦਾ ਯਤਨ ਸਫ਼ਲ ਨਾ ਹੋ ਸਕਿਆ, ਸਗੋਂ ਉਨ੍ਹਾਂ ਨੇ ਆਪਣੀ ਜਾਨ ਵੀ ਮਸਾਂ ਬਚਾਈ। ਅੱਗ ਨਾਲ ਨਾ ਸਿਰਫ਼ ਗੁਰੂ ਘਰ ਦੀ ਇਮਾਰਤ ਰਾਖ਼ ਹੋ ਗਈ ਬਲਕਿ ਇਥੇ ਪਏ ਅੱਠ ਪਵਿੱਤਰ ਗ੍ਰੰਥਾਂ ਵਿਚੋਂ ਸੱਤ ਵੀ ਅੱਗ ਦੀ ਭੇਟ ਚੜ੍ਹ ਗਏ।

ਅੱਗ ਦੀਆਂ ਲਪਟਾਂ ਨੇ ਸਿੱਖ ਸ਼ਰਧਾਲੂਆਂ ਦੇ ਮਨ ਪਿਘਲਾ ਦਿੱਤੇ, ਘਟਨਾ ਬਾਰੇ ਸੁਣਨ

## ਨਸਲੀ ਹਮਲਾ

ਵਾਲੇ, ਗੱਲ ਕਰਨ ਵਾਲੇ ਹਰ ਵਿਅਕਤੀ ਦੀਆਂ ਅੱਖਾਂ ਵਿਚੋਂ ਆਪ-ਮੁਹਾਰੇ ਅੱਥਰੂ ਵਗ ਰਹ ਸਨ। ਇੱਕ ਸ਼ਰਧਾਲੂ ਕਹਿ ਰਿਹਾ ਸੀ ਕਿ ਉਸ ਨੂੰ ਇੰਝ ਜਾਪ ਰਿਹਾ ਹੈ ਜਿਵੇਂ ਉਸ ਦਾ ਰੱਬ ਹੀ ਉਸ ਦੀਆਂ ਅੱਖਾਂ ਸਾਹਮਣੇ ਸੜ ਰਿਹਾ ਹੋਵੇ। ਉਸ ਨੇ ਕਿਹਾ ਕਿ ਅਫ਼ਸੋਸ ਹੈ ਕਿ ਉਹ ਪਵਿੱਤਰ ਗ੍ਰੰਥਾਂ ਨੂੰ ਸੜਨੋਂ ਨਾ ਬਚਾਅ ਸਕਿਆ ਤੇ ਇਸਦੀ ਉਸ ਨੂੰ ਬੇਹੱਦ ਤਕਲੀਫ਼ ਹੋ ਰਹੀ ਹੈ ਕਿਉਂਕਿ ਇਹ ਗ੍ਰੰਥ ਹੀ ਮਨੁੱਖ ਨੂੰ ਪਰਮਾਤਮਾ ਨਾਲ ਜੋੜਦੇ ਹਨ। ਹੋਰ ਸ਼ਰਧਾਲੂ ਘਟਨਾ ਪਿੱਛੇ ਸ਼ਾਮਲ ਸਾਜ਼ਿਸ਼ਕਰਤਾਵਾਂ ਨੂੰ ਪਰਮਾਤਮਾ ਵੱਲੋਂ ਸਖ਼ਤ ਸਜ਼ਾ ਮਿਲਣ ਦੀ ਗੱਲ ਵੀ ਕਰ ਰਹੇ ਹਨ।

ਇੱਕ ਹੋਰ ਚਸ਼ਮਦੀਦ, ਜੋ ਹਰ ਰੋਜ਼ ਗੁਰੂ ਘਰ ਆਉਂਦਾ ਹੈ, ਗੁਰਪਾਲ ਸਿੰਘ ਨੇ ਕਿਹਾ ਕਿ ਇਹ ਹਮਲਾ ਜਾਣ-ਬੁੱਝ ਕੇ ਕੀਤਾ ਗਿਆ ਹੈ। ਸੜ ਗਏ ਪਵਿੱਤਰ ਗ੍ਰੰਥਾਂ ਬਾਰੇ ਗੁਰਪਾਲ ਤੇ ਇੱਕ ਹੋਰ 26 ਵਰ੍ਹਿਆਂ ਦੇ ਕੁਲਵਿੰਦਰ ਸਿੰਘ ਵਿਰਕ ਨੇ ਕਿਹਾ ਕਿ ਕੋਈ ਨਹੀਂ ਜਾਣ ਸਕਦਾ ਕਿ ਇਹ ਸਭ ਸਾਡੇ ਲਈ ਕਿੰਨਾ ਅਹਿਮ ਸੀ। ਸਾਡੇ ਲਈ ਇਹ ਬਹੁਤ ਖ਼ਾਸ ਤੇ ਅਹਿਮ ਸੀ, ਸਾਡੀਆਂ ਜਾਨਾਂ ਤੋਂ ਵੀ ਪਿਆਰਾ। ਉਨ੍ਹਾਂ ਕਿਹਾ ਕਿ ਇਹ ਘਟਨਾ ਸਾਨੂੰ ਓਨਾ ਦੁੱਖ ਦੇ ਰਹੀ ਹੈ ਜਿਵੇਂ ਸਾਡਾ ਕੋਈ ਪਰਿਵਾਰਕ ਜੀਅ ਸਾਡੀਆਂ ਨਜ਼ਰਾਂ ਸਾਹਮਣੇ ਸੜ ਗਿਆ ਹੋਵੇ।

ਸਥਾਨਕ ਪੁਲਿਸ ਇਸ ਘਟਨਾ ਨੂੰ ਸ਼ੱਕੀ ਮਾਮਲਾ ਗਰਦਾਨ ਕੇ ਜਾਂਚ ਕਰ ਰਹੀ ਹੈ। ਪੁਲਿਸ ਅਤੇ ਅੱਗ-ਬੁਝਾਊ ਜਾਂਚਕਰਤਾਵਾਂ ਨੇ ਮੰਨਿਆ ਕਿ ਇਹ ਸਭ ਇੰਨਾ ਭਿਆਨਕ ਸੀ ਕਿ ਅੱਗ 'ਤੇ ਕਾਬੂ ਪਾਉਣ ਲਈ 50 ਤੋਂ ਵੱਧ ਮੁਲਾਜ਼ਮਾਂ ਦੇ 8 ਘੰਟੇ ਲੱਗੇ।

ਜ਼ਿਕਰਯੋਗ ਹੈ ਕਿ ਇਹ ਇਮਾਰਤ 1854 ਵੇਲੇ ਦੀ ਸੀ, ਪਹਿਲਾਂ ਇਥੇ ਗਿਰਜਾ ਹੁੰਦੀ ਸੀ ਅਤੇ ਇਸ ਤੋਂ ਵੀ ਪਹਿਲਾਂ ਇਸਾਈਆਂ ਦੇ ਇੱਕ ਹੋਰ ਫਿਰਕੇ ਦਾ ਪੂਜਾ ਸਥਾਨ ਸੀ। 1979 ਵਿਚ ਸਿੱਖ ਭਾਈਚਾਰੇ ਦਾ ਧਾਰਮਿਕ ਸਥਾਨ ਬਣ ਗਿਆ।

ਦੁਨੀਆ ਵਿਚ ਜਿਥੇ ਵੀ ਸਿੱਖ ਵਸੋਂ ਹੈ ਤੇ ਜਿਸ ਨੂੰ ਵੀ ਇਸ ਘਟਨਾ ਦਾ ਪਤਾ ਲੱਗਿਆ ਸਭ ਨੇ ਇਸ ਦੀ ਨਿਖੇਧੀ ਕੀਤੀ, ਅਫ਼ਸੋਸ ਪ੍ਰਗਟਾਇਆ ਤੇ ਲੰਡਨ ਪ੍ਰਸ਼ਾਸਨ ਤੋਂ ਇਸ ਮਾਮਲੇ ਦੀ ਗਹਿਣ ਜਾਂਚ ਦੀ ਵੀ ਮੰਗ ਕੀਤੀ ਹੈ। ਕੁਝ ਸਿੱਖ ਬੁੱਧੀਜੀਵੀਆਂ ਨੇ ਗੁਰੂ-ਘਰਾਂ ਦੀ ਸੁਰੱਖਿਆ ਦੀ ਗਾਰੰਟੀ ਦੇਣ ਲਈ ਵੀ ਉੱਥੋਂ ਦੇ ਪ੍ਰਸ਼ਾਸਨ ਨੂੰ ਕਿਹਾ ਹੈ ਤੇ ਸਮੂਹ ਸਿੱਖ ਕੌਮ ਨੂੰ ਇਸ ਮਸਲੇ ਨੂੰ ਗੰਭੀਰਤਾ ਨਾਲ ਲੈ ਕੇ ਭਵਿੱਖ ਵਿਚ ਸੁਚੇਤ ਹੋ ਕੇ ਵਿਚਰਨ ਦਾ ਸੱਦਾ ਦਿੱਤਾ ਹੈ ਤਾਂ ਜੋ ਅਜਿਹੀਆਂ ਅਤਿ-ਨਿੰਦਣਯੋਗ ਘਟਨਾਵਾਂ ਨਾ ਵਾਪਰਨ।

### ਚੋਣ ਅਖਾੜਾ ਪੰਜਾਬ 'ਚੋਂ ਵਿਸ਼ੇਸ਼

# ਪਿਆਕੜ ਪੈੜ ਨੱਪਣ ਲੱਗੇ

ਚੰਡੀਗੜ੍ਹ (ਵਿਸ਼ੇਸ਼ ਪ੍ਰਤੀਨਿਧ)-ਪੰਜਾਬ ਵਿਚ 7 ਤੇ 13 ਮਈ ਨੂੰ ਚੋਣਾਂ ਹੋਣੀਆਂ ਹਨ। ਇਥੇ ਹਰ ਧਿਰ ਜੋੜ-ਤੋੜ ਵਿਚ ਰੁੱਝੀ ਹੋਈ ਹੈ। ਹਾਕਮੀ ਧਿਰ ਚੋਣ ਜ਼ਾਬਤੇ ਦੀਆਂ ਸ਼ਰੇਆਮ ਧੱਜੀਆਂ ਉਡਾ ਰਹੀ ਹੈ ਤੇ ਵਿਰੋਧੀ ਧਿਰਾਂ ਸਿੱਝਣ ਦੀਆਂ ਧਮਕੀਆਂ-ਚਿਤਾਵਨੀਆਂ ਦੇ ਰਹੀਆਂ ਹਨ। ਇਸ ਸਿਆਸੀ ਰੌਲੇ ਦੌਰਾਨ "ਚੌਣਾਵੀਂ ਪਿਆਕੜ" ਵੀ ਬਾਹਰ ਨਿਕਲਣੇ ਸ਼ੁਰੂ ਹੋ ਗਏ ਹਨ। ਪਿਆਕੜਾਂ ਨੇ ਸਿਆਸੀ ਪਾਰਟੀਆਂ ਵਿਚ ਮਾੜਾ-ਮੋਟਾ ਅਸਰ-ਰਸੂਖ਼ ਰੱਖਣ ਵਾਲਿਆਂ ਦੀ ਪੈੜ ਨੱਪਣੀ ਸ਼ੁਰੂ ਕਰ ਦਿੱਤੀ ਹੈ। ਪਾਰਟੀਆਂ ਦੇ ਮੂਹਰੈਲ ਆਗੂ ਨਸ਼ੇ ਵੰਡਣ ਤੋਂ ਤੌਬਾ ਕਰ ਰਹੇ ਹਨ, ਪਰ ਅੰਦਰਖਾਤੇ 'ਕਾਲ਼ੀ ਦਾਲ਼ ਰਿੱਝਣ' ਦੀਆਂ ਖ਼ਬਰਾਂ ਹਨ।

### ਬੀਬੀਆਂ ਨੇ ਚੁੱਕਿਆ ਝੰਡਾ

ਦੁਆਬਾ ਹਲਕੇ ਦੇ ਕੁਝ ਪਿੰਡਾਂ ਦੀਆਂ ਔਰਤਾਂ ਆਪਣੇ ਨਸ਼ੇੜੀ ਪਤੀਆਂ ਤੋਂ ਇੰਨੀਆਂ ਤੰਗ ਆ ਗਈਆਂ ਹਨ ਕਿ ਐਤਕੀਂ ਉਨ੍ਹਾਂ ਪ੍ਰਣ ਕੀਤਾ ਹੈ ਕਿ ਜਿਹੜੀ ਵੀ ਸਿਆਸੀ ਧਿਰ ਦਾ ਕੋਈ ਕਾਰਕੁੰਨ ਸ਼ਰਾਬ ਜਾਂ ਹੋਰ ਨਸ਼ਾ ਵੰਡਦਾ ਫੜਿਆ ਗਿਆ ਤਾਂ ਉਸ ਦੀ ਚੰਗੀ ਭੁਗਤ ਸੁਆਰਨਗੀਆਂ ਤੇ ਉਸ ਹਲਕੇ ਵਿਚੋਂ ਉਸ ਪਾਰਟੀ ਨੂੰ ਔਰਤਾਂ ਦੀ ਇੱਕ ਵੀ ਵੋਟ ਨਹੀਂ ਮਿਲੇਗੀ। ਇਨ੍ਹਾਂ ਬੀਬੀਆਂ ਨੇ ਤਾਂ ਇਹ ਵੀ ਮੰਗ ਕੀਤੀ ਹੈ ਕਿ ਚੋਣ ਜ਼ਾਬਤੇ ਵਿਚ ਸ਼ਰਾਬ ਦੇ ਠੇਕੇ ਬੰਦ ਰੱਖਣਾ ਵੀ ਸ਼ਾਮਲ ਹੋਣਾ ਚਾਹੀਦਾ ਹੈ।

# ਲਸ਼ਕਰ ਪੰਜਾਬ 'ਚ ਗੜਬੜੀ ਦੀ ਤਾਕ 'ਚ

ਚੰਡੀਗੜ੍ਹ-ਦੇਸ਼ ਦੇ ਖ਼ੂਫੀਆ ਤੰਤਰ ਨੂੰ ਮਿਲੀਆਂ ਗੁਪਤ ਸੂਚਨਾਵਾਂ ਮੁਤਾਬਕ ਪਾਕਿਸਤਾਨ ਦੀ ਅੱਤਵਾਦੀ ਜੱਥੇਬੰਦੀ ਲਸ਼ਕਰੇ ਤੋਇਬਾ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਅੰਦਰ ਵੱਡੀ ਪੱਧਰ 'ਤੇ ਤਬਾਹੀ ਮਚਾਉਣ ਦੀ ਤਾਕ ਵਿਚ ਹੈ। ਇਨ੍ਹਾਂ ਸੂਚਨਾਵਾਂ ਦੇ ਮਿਲਦਿਆਂ ਹੀ ਪੰਜਾਬ ਸਰਕਾਰ ਦੁਆਰਾ ਕਰੜੇ ਸੁਰੱਖਿਆ ਪ੍ਰਬੰਧ ਕਰਨ ਲਈ ਖ਼ੁਫੀਆ ਅਤੇ ਉੱਚ ਸੁਰੱਖਿਆ ਅਧਿਕਾਰੀਆਂ ਦੀ ਇਕ ਹੰਗਾਮੀ ਬੈਠਕ ਸੱਦੀ। ਸਰਕਾਰ ਦੇ ਪ੍ਰਮੁੱਖ ਸਕੱਤਰ ਮਹੇਸ਼ਇੰਦਰ ਸਿੰਘ ਦੁਆਰਾ ਬੁਲਾਈ ਗਈ ਇਸ ਬੈਠਕ ਵਿਚ ਉਨ੍ਹਾਂ ਥਾਵਾਂ ਦੀ ਵਿਸ਼ੇਸ਼ ਚਰਚਾ ਕੀਤੀ ਗਈ, ਜਿਹੜੀਆਂ ਥਾਵਾਂ ਅਤਿ ਸੰਵੇਦਨਸ਼ੀਲ ਹਨ। ਪੁਲਸ ਅਧਿਕਾਰੀਆਂ ਮੁਤਾਬਕ ਕੁਝ ਸਿੱਖ ਅੱਤਵਾਦੀ ਜਥੇਬੰਦੀਆਂ ਵੀ ਇਨ੍ਹੀਂ ਦਿਨੀਂ ਸਰਗਰਮ ਹੋਈਆਂ ਦੱਸੀਆਂ ਜਾ ਰਹੀਆਂ ਹਨ। ਅਜਿਹੀਆਂ ਜਥੇਬੰਦੀਆਂ 'ਤੇ ਖ਼ੂਫੀਆ ਵਿਭਾਗ ਦੁਆਰਾ ਸਖਤ ਨਜ਼ਰ ਰੱਖੀ ਜਾ ਰਹੀ ਹੈ। ਖਾਸ ਕਰਕੇ ਡੇਰਾ ਵਿਵਾਦ ਦੇ ਚਲਦਿਆਂ ਜਿਹੜੇ ਗਰਮ ਖਿਆਲੀ ਸਿੱਖ ਨੇਤਾਵਾਂ 'ਤੇ ਸ਼ੱਕ ਦੀ ਸੂਈ ਜਾ ਰਹੀ ਹੈ, ਉਨ੍ਹਾਂ ਨੂੰ ਪੁਲਸ ਦੁਆਰਾ ਗ੍ਰਿਫਤਾਰ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਹੁਣ ਤੱਕ 90 ਦੇ ਕਰੀਬ ਗਰਮ ਖਿਆਲੀ ਨੇਤਾ ਅਤੇ ਕਾਰਕੁਨਾਂ ਨੂੰ ਪੰਜਾਬ ਪੁਲਸ ਦੁਆਰਾ ਹਿਰਾਸਤ ਵਿਚ ਲਿਆ ਜਾ ਚੁੱਕਿਆ ਹੈ।


**ਗ੍ਰੰਥੀ ਦੀ ਲੋੜ**

ਗੁਰਦੁਆਰਾ ਗੁਰੂ ਨਾਨਕ ਦਰਬਾਰ, ਕਨੈਕਟੀਕਚ ਵਿਚ ਇਕ ਸੂਝਵਾਨ ਗ੍ਰੰਥੀ ਸਿੰਘ ਦੀ ਜਰੂਰਤ ਹੈ ਜੋ ਕਿ ਸਿੱਖ ਰਹਿਤ ਮਰਿਆਦਾ ਅਨੁਸਾਰ ਗੁਰੂ ਘਰ ਦੀ ਸੇਵਾ ਸੰਭਾਲ, ਕੀਰਤਨ/ਕਥਾ ਵਿਚਾਰ ਕਰ ਸਕਦਾ ਹੋਵੇ। ਗੁਰੂ ਘਰ ਦੇ ਯੂਥ ਬੱਚਿਆਂ ਨੂੰ ਸਿੱਖੀ ਸਰੂਪ ਅਤੇ ਗੁਰੂ ਨਾਲ ਜੋੜ ਦੀ ਸਮਰੱਥਾ ਰੱਖਦਾ ਹੋਵੇ। ਗ੍ਰੰਥੀ ਸਿੰਘ ਕੋਲ ਕਾਨੂੰਨੀ ਤੌਰ 'ਤੇ ਸਟੇਟਸ ਵਿਚ ਕੰਮਕਾਰ ਕਰਨ ਦੇ ਕਾਗਜ਼ ਪੱਤਰ ਅਤੇ ਸਟੇਟਸ ਦਾ ਵਸਨੀਕ ਹੋਣਾ ਬਹੁਤ ਜਰੂਰੀ ਹੈ। ਵਧੇਰੀ ਜਾਣਕਾਰੀ ਲਈ ਅਤੇ ਅਰਜ਼ੀ ਦੇਣ ਵਾਸਤੇ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ-

**ਸ੍ਰ. ਬਲਬੀਰ ਸਿੰਘ**
**860-223-2565**

**ਸ੍ਰ. ਹਰਗੁਰਪ੍ਰੀਤ ਸਿੰਘ**
**203-922-2173**

**EXPERIENCE MAKES A DIFFERENCE**

# AKAL TRUCK & BUS DRIVING SCHOOL






## ਵਾਜ਼ਿਬ ਰੇਟ, ਫਾਸਟ ਸਰਵਿਸ, ਸਰਟੀਫਾਈਡ ਅਤੇ ਤਜ਼ਰਬੇਕਾਰ ਇੰਸਟਰੱਕਟਰ

**ਲਿਖਤੀ ਅਤੇ ਡਰਾਈਵਿੰਗ ਟੈਸਟ ਪਾਸ ਕਰਨ ਲਈ**



Narinder S. Ravi
661-978-0184

## ਅੱਜ ਹੀ ਕਾਲ ਕਰੋ



Parmjit S. Mangat
661-979-1064

Designd & Printed by: CG 661-703-8795

**4522 Weedpatch Hwy, Bakersfield CA 93307**

**Off: 661-363-0400 Fax: 661-363-0800**

**Email : akaldrivingschool@yahoo.com**

# ਮੁੰਡਾ ਜਾਂ ਕੁੜੀ

## ਮਨਚਾਹੀ ਸੰਤਾਨ ਪਾਉਣ ਦਾ ਸਹੀ ਤਰੀਕਾ

### ਗਰਭ ਤੋਂ ਪਹਿਲਾਂ ਹੀ ਕੁਦਰਤੀ ਤਰੀਕੇ ਨਾਲ ਪਲੈਨ ਕਰ ਸਕਦੇ ਹੋ



ਹੁਣ ਤਕ ਇਹ ਹੀ ਸਮਝਿਆ ਜਾਂਦਾ ਸੀ ਕਿ ਮੁੰਡਾ ਜਾਂ ਕੁੜੀ ਦਾ ਹੋਣਾ ਕੇਵਲ ਪਤੀ ਤੇ ਨਿਰਭਰ ਕਰਦਾ ਹੈ। ਸਾਡੇ ਹਿਸਾਬ ਨਾਲ ਪਤਨੀ ਦਾ ਵੀ ਬਰਾਬਰ ਦਾ ਹਿੱਸਾ ਹੁੰਦਾ ਹੈ। ਜਿਥੇ ਪਤੀ ਵੱਲੋਂ "ਵਾਈ" ਜਾਂ "ਐਕਸ" ਕ੍ਰੋਮੋਸੋਮ ਵਾਲੇ ਸ਼ੁਕਰਾਣੂੰ ਆਉਂਦੇ ਹਨ, ਪਤਨੀ ਵੱਲੋਂ ਪੌਜ਼ੇਟਿਵ ਜਾਂ ਨੈਗੇਟਿਵ ਐੱਗ ਆਉਂਦੇ ਹਨ। ਮੁੰਡੇ ਵਾਸਤੇ "ਵਾਈ" ਸ਼ੁਕਰਾਣੂੰ ਅਤੇ ਪੌਜ਼ੇਟਿਵ ਐੱਗ ਚਾਹੀਦਾ ਹੈ ਅਤੇ ਕੁੜੀ ਵਾਸਤੇ "ਐਕਸ" ਅਤੇ ਨੈਗੇਟਿਵ ਐੱਗ। ਜੇ ਤੁਹਾਨੂੰ ਐੱਗ ਦੀ ਕਿਸਮ ਦਾ ਪਤਾ ਚਲ ਜਾਵੇ ਤਾਂ ਮਨਚਾਹਿਆ ਬੱਚਾ ਹੋਣ ਦੇ ਚਾਂਸ 50% ਤੋਂ ਵਧ ਕੇ 80% ਹੋ ਜਾਂਦੇ ਹਨ।

ਆਮ ਤੌਰ 'ਤੇ ਇਹ ਐੱਗ ਹਰ ਮਹੀਨੇ ਬਦਲ ਕੇ ਆਉਣੇ ਚਾਹੀਦੇ ਹਨ ਪਰ ਕਿਸੇ ਇਸਤ੍ਰੀ ਵਿਚ ਇੱਕੋ ਕਿਸਮ ਦੇ ਐੱਗ ਜ਼ਿਆਦਾ ਵਾਰ ਆ ਸਕਦੇ ਹਨ। ਇਹ ਕੋਈ ਬਿਮਾਰੀ ਨਹੀਂ। ਇਸ ਨੂੰ ਖ਼ੁਰਾਕ ਬਦਲ ਕੇ ਠੀਕ ਕੀਤਾ ਜਾ ਸਕਦਾ ਹੈ। ਅਸੀਂ ਕੋਈ ਦਵਾਈ ਨਹੀਂ ਵੇਚਦੇ ਅਤੇ ਨਾ ਹੀ ਕੋਈ ਦਵਾਈ ਹੈ।

ਸਿਰਫ਼ ਦੋ ਮਹੀਨੇ ਪੇਸ਼ਾਬ ਟੈਸਟ ਕਰਵਾ ਕੇ ਤੁਸੀਂ ਆਪਣੀ ਫੈਮਿਲੀ ਪਲੈਨ ਕਰ ਸਕਦੇ ਹੋ। ਜ਼ਿਆਦਾ ਵੇਰਵੇ ਲਈ ਡਾ. ਕੁਲਦੀਪ ਵਰਮਾ ਨਾਲ 1-313-574-7500 'ਤੇ ਸਿੱਧੀ ਗੱਲ ਕਰੋ।

***ਗਰਭ ਤੋਂ ਬਾਅਦ-* ਗਰਭ ਦਾ ਪਤਾ ਲੱਗਦੇ ਹੀ ਸੰਪਰਕ ਕਰੋ ਕਿਉਂਕਿ ਹੁਣ ਸਿਰ.ਫ ਇੱਕ ਦਿਨ ਬਾਅਦ ਹੀ ਪਤਾ ਲਗਾਇਆ ਜਾ ਸਕਦਾ ਹੈ ਕਿ ਗਰਭ ਵਿਚ ਮੁੰਡਾ ਹੈ ਜਾਂ ਕੁੜੀ ?**

Please note we do not ship any pkg. to customers with addresses in State of NY , Maryland and Countries India , China.

**ਸਭ ਕੁਝ ਡਾਕ ਰਾਹੀਂ ਹੋ ਜਾਂਦਾ ਹੈ ਸਾਡੇ ਕੋਲ ਆਉਣ ਦੀ ਲੋੜ ਨਹੀਂ ਪੈਂਦੀ**

ਆਰਡਰ ਕਰਨ ਦੇ ਤਿੰਨ ਤਰੀਕੇ ਹਨ—


1. ਟੋਲ ਫਰੀ 1-877-HE-OR-SHE (1-877-436-7743) ਡਾਇਲ ਕਰੋ ਅਤੇ ਆਪਣਾ ਨਾਂਅ ਅਤੇ ਫੋਨ ਨੰਬਰ ਛੱਡ ਦਿਓ। ਅਸੀਂ ਕਾਲ ਕਰਾਂਗੇ ਅਤੇ ਆਰਡਰ ਲਵਾਂਗੇ।
2. ਡਾਇਰੈਕਟ ਮੇਰੇ ਨਾਲ ਗੱਲ ਕਰੋ 1-313-574-7500 ਯੂ. ਐੱਸ. ਏ.।
3. ਇੰਟਰਨੈੱਟ ਰਾਹੀਂ www.urobiologics.com 'ਤੇ ਆਰਡਰ ਦਿਓ।

**Urobiologics LLC. Livonia MI 48150 USA**

# *M. S. S. Sidewalk Bridges & Scaffolding*

**Serving The Metro Area**


- Sidewalk Bridges & Sheds
- Pipe Scaffolding
- Suspended Scaffolding
- Mast Climbers
- Debris Netting
- Debris Chutes
- Shoring




**EMERGENCY SERVICE AVAILABLE 24 HOURS**

**718-299-8100**

**FAX: 718-299-8200**



Manjit Singh Dasuha

Manjit Singh Dasuha
917-701-5598
Rockey
917-238-9790

**info@mssconstruction.com www.mssconstruction.com**

# CISCO

## GENERAL CONSTRUCTION INC

**87 - 11 118 STREET, RICHMOND HILL, NY- 11418**

**TEL: 718-847-1300/ 718-847-5626 FAX: 718-847-9400**

**FOR ALL YOUR ARCHITECTURAL AND CONSTRUCTION NEEDS**

**RESIDENTIAL & COMMERCIAL SERVICES**



NEW HI-RISE BUILDINGS, NEW RESIDENCIAL HOUSES, ALTERATIONS AND RENOVATIONS
LEGALIZE EXTENSIONS, BASEMENTS & CONVERSIONS
OBTAIN CO & SIGNOFFS
DEMOLITION, EXCAVATION, FOUNDATION , FRAMING, ETC
WE WORK ON STORES, RESTAURANTS, CHURCHES, BANGQUET HALLS , PARKS
SCHOOLS, HOSPITALS, LIBRARIES, PLAYGROUNDS AND MUCH MORE!

**EXPERIENCED, COURTEOUS AND PROFESSIONAL SERVICE**





**ਪੰਜਾਬੀ ਭਰਾਵਾਂ ਲਈ ਖ਼ੁਸ਼ਖ਼ਬਰੀ**

ਤੁਹਾਡੇ ਆਪਣਿਆਂ ਨੇ ਖੋਲ੍ਹ ਲਿਆ ਹੈ ਨਵੇਂ ਘਰ ਬਣਾਉਣ ਦਾ ਕੰਮ, ਜਿਸ ਵਿਚ ਤੁਹਾਨੂੰ ਨਵੇਂ ਤੋਂ ਨਵੇਂ ਡਿਜ਼ਾਇਨਾਂ ਦੇ ਘਰ ਬਣਾਉਣ ਲਈ ਪਲੈਨ ਦੱਸਾਂਗੇ ਅਤੇ ਸਿਟੀ ਤੋਂ ਮਨਜ਼ੂਰ ਵੀ ਕਰਵਾ ਕੇ ਦਿਆਂਗੇ। ਇਸ ਦੇ ਨਾਲ ਹੀ ਅਸੀਂ ਪੁਰਾਣੇ ਘਰਾਂ ਦੀ ਡੈਮੋਲੇਸ਼ਨ ਅਤੇ ਨਵੇਂ ਘਰਾਂ ਦੀ ਖਦਵਾਈ, ਫਾਊਂਡੇਸ਼ਨ, ਫਰੇਮਿੰਗ ਅਤੇ ਸਾਈਨ ਆਫ ਵੀ ਕਰਵਾਉਂਦੇ ਹਾਂ।

**CALL FOR APPOINTMENT**



Bawa Rajinder Singh Lalli
President/ Investor/ Builder

# ਪਾਕਿ 'ਚ ਸਿਆਸੀ ਉਥਲ-ਪੁਥਲ ਜਾਰੀ

### ✡ ਜਰਦਾਰੀ ਵੱਲੋਂ ਸਫ਼ਾਈਆਂ ✡ ਸ਼ਰੀਫ਼ ਖੇਮਾ ਬਾਗ਼ੋ-ਬਾਗ਼ ✡ ਹਿੰਸਕ ਹਮਲੇ ਜਾਰੀ

ਇਸਲਾਮਾਬਾਦ-ਕਈ ਦਿਨਾਂ ਦੇ 'ਡਰਾਮੇ' ਮਗਰੋਂ ਆਖ਼ਰ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ ਬਰਖ਼ਾਸਤ ਜੱਜਾਂ ਦੀ ਬਹਾਲੀ ਲਈ ਹਾਮੀ ਭਰ ਦਿੱਤੀ ਅਤੇ ਨਾਲ ਦੀ ਨਾਲ ਸਫ਼ਾਈਆਂ ਵੀ ਦੇਣੀਆਂ ਸ਼ੁਰੂ ਕਰ ਦਿੱਤੀਆਂ। ਹੁਣ ਤਾਜ਼ਾ ਹਾਲਾਤ ਦੱਸ ਰਹੇ ਹਨ ਕਿ ਕਿਤੇ ਸੱਤਾ ਮੁੜ ਫ਼ੌਜ ਦੇ ਹੱਥ ਨਾ ਆ ਜਾਵੇ, ਇਸ ਡਰੋਂ ਨਵਾਜ਼ ਸ਼ਰੀਫ਼ ਨਾਲ ਗੱਠਜੋੜ ਦੀਆਂ ਅੰਦਰਖਾਤੇ ਤਿਆਰੀਆਂ ਵੀ ਕਰ ਦਿੱਤੀਆਂ ਹਨ। ਸਮਝਿਆ ਜਾ ਰਿਹਾ ਹੈ ਕਿ ਅੰਦਰ ਤੋਂ ਵਧੇਰੇ ਪੈ ਰਹੇ ਦਬਾਅ ਕਰਕੇ ਪਾਕਿ ਦੀ ਸੱਤਾ 'ਤੇ ਕਾਬਜ਼ ਧਿਰ ਸ਼ਾਇਦ ਦੇਸ਼ ਵਿਚ ਸ਼ਾਂਤੀ ਕਾਇਮੀ ਲਈ ਹੁਣ ਕੋਈ ਸਾਰਥਕ ਕਦਮ ਚੁੱਕੇ। ਉਂਝ ਖ਼ਬਰਾਂ ਇਹ ਵੀ ਹਨ ਕਿ ਇਥੇ ਆਵਾਮ ਦੀ ਹਾਲਤ ਬਦ-ਤੋਂ-ਬਦਤਰ ਹੁੰਦੀ ਜਾ ਰਹੀ ਹੈ। ਤਾਲਿਬਾਨਾਂ ਵੱਲੋਂ ਹਿੰਸਕ ਹਮਲੇ ਵੀ ਕੀਤੇ ਜਾ ਰਹੇ ਹਨ।

***ਜ਼ਰਦਾਰੀ ਵੱਲੋਂ ਸਫ਼ਾਈਆਂ***

ਜੱਜਾਂ ਦੀ ਬਰਖ਼ਾਸਤਗੀ ਬਾਰੇ ਸਫ਼ਾਈ ਦਿੰਦਿਆਂ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਕਿਹਾ ਹੈ ਕਿ ਉਹ ਬਰਖਾਸਤ ਜੱਜਾਂ ਦੀ ਬਹਾਲੀ ਦੇ ਵਿਰੁੱਧ ਨਹੀਂ ਸਨ, ਪਰ ਦੇਸ਼ ਵਿਚ ਚਰਚਾ ਹੈ ਕਿ ਪਾਕਿਸਤਾਨ ਪੀਪਲਜ਼ ਪਾਰਟੀ ਵੱਲੋਂ ਜੱਜਾਂ ਦੀ ਬਹਾਲੀ ਦਾ ਵਿਰੋਧ ਇਸ ਲਈ ਕੀਤਾ ਜਾ ਰਿਹਾ ਕਿ ਮੁੱਖ ਜੱਜ ਬਣਨ ਮਗਰੋਂ ਜਸਟਿਸ ਚੌਧਰੀ ਕਿਤੇ ਕੌਮੀ ਸੁਲ੍ਹਾ-ਸਫਾਈ ਐਕਟ ਰੱਦ ਨਾ ਕਰ ਦੇਣ, ਜਿਸ ਤਹਿਤ ਪਾਰਟੀ ਆਗੂਆਂ ਨੂੰ ਆਮ ਮੁਆਫ਼ੀ ਦਿੱਤੀ ਗਈ ਸੀ।

ਉਨ੍ਹਾਂ ਕਿਹਾ ਕਿ ਉਹ ਜਸਟਿਸ ਅਬਦੁਲ ਹਮੀਦ ਡੋਗਰ ਦੀ ਰਿਟਾਇਰਮੈਂਟ ਦੀ ਉਡੀਕ ਕਰ ਰਹੇ ਸਨ, ਜਿਨ੍ਹਾਂ ਨੇ ਪਰਵੇਜ਼ ਮੁਸ਼ੱਰਫ਼ ਦੇ ਰਾਜ ਵਿਚ ਚੀਫ਼ ਜਸਟਿਸ ਵਜੋਂ ਸਹੁੰ ਚੁੱਕੀ ਸੀ।

ਜ਼ਰਦਾਰੀ ਨੇ ਕਿਹਾ ਕਿ ਸ਼ਰੀਫ਼ ਨਾਲ ਗੱਠਜੋੜ ਵੇਲੇ 9 ਮਾਰਚ, 2008 ਨੂੰ ਹੀ ਉਨ੍ਹਾਂ ਨੇ ਸਾਫ਼ ਕਰ ਦਿੱਤਾ ਸੀ ਕਿ ਕਿਸੇ ਵੀ ਜੱਜ ਨੂੰ ਹਟਾਇਆ ਨਹੀਂ ਜਾਵੇਗਾ ਅਤੇ ਇਸੇ ਕਾਰਨ ਉਨ੍ਹਾਂ ਡੋਗਰ ਨੂੰ ਅਹੁਦੇ 'ਤੇ ਕਾਇਮ ਰੱਖਿਆ।

ਜ਼ਰਦਾਰੀ ਨੇ ਕਿਹਾ ਕਿ ਭਾਵੇਂ ਦੇਸ਼ ਦਾ ਸਿਆਸੀ ਸੰਕਟ ਹੱਲ ਹੋ ਗਿਆ ਹੈ, ਪਰ ਆਰਥਿਕ ਸੰਕਟ ਅਤੇ ਅੱਤਵਾਦ ਅਜੇ ਵੀ



ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਸਮਰਥਕਾਂ ਵਿਚ ਘਿਰੇ ਹੋਏ।

ਬਰਕਰਾਰ ਹੈ। ਉਨ੍ਹਾਂ ਨੇ ਸ਼ਰੀਫ਼ ਦੀ ਨੁਕਤਾਚੀਨੀ ਤੋਂ ਗੁਰੇਜ਼ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸ਼ਰੀਫ ਨਾਲ ਜੱਜਾਂ ਦੀ ਨਿਯੁਕਤੀ ਦੇ ਤਰੀਕੇ ਬਾਰੇ ਮਤਭੇਦ ਸਨ। ਜ਼ਿਕਰਯੋਗ ਹੈ ਕਿ ਪੀ. ਐੱਮ. ਐੱਲ.-ਐੱਨ. ਨੇ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਸੱਤਾ ਵਿਚ ਆਉਣ 'ਤੇ ਮੁਸ਼ੱਰਫ਼ ਵੱਲੋਂ ਐਮਰਜੈਂਸੀ ਦੌਰਾਨ ਬਰਖਾਸਤ ਕੀਤੇ ਗਏ ਜੱਜਾਂ ਨੂੰ ਬਹਾਲ ਕੀਤਾ ਜਾਵੇਗਾ, ਪਰ ਸਰਕਾਰ ਬਣਨ ਮਗਰੋਂ ਜ਼ਰਦਾਰੀ ਵੱਲੋਂ ਇਸ 'ਤੇ ਅਮਲ ਨਹੀਂ ਕੀਤਾ ਗਿਆ, ਜਿਸ 'ਤੇ ਪਾਕਿਸਤਾਨ ਮੁਸਲਿਮ ਲੀਗ ਸਰਕਾਰ ਤੋਂ ਵੱਖ ਹੋ ਗਈ ਅਤੇ ਉਸ ਨੇ ਪਾਕਿਸਤਾਨ ਪੀਪਲਜ਼ ਪਾਰਟੀ ਨਾਲੋਂ ਸੰਬੰਧ ਤੋੜ ਲਏ।

***ਸ਼ਰੀਫ਼ ਨਾਲ ਗੱਠਜੋੜ ਸੰਭਵ***

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸੁਫ ਰਜ਼ਾ ਗਿਲਾਨੀ ਨੇ ਕਿਹਾ ਹੈ ਕਿ ਪਾਕਿਸਤਾਨ ਪੀਪਲਜ਼ ਪਾਰਟੀ ਅਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਵਿਚਕਾਰ ਗੱਠਜੋੜ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਸਰਕਾਰ ਵੱਲੋਂ ਬਰਖ਼ਾਸਤ ਜੱਜਾਂ ਦੀ ਬਹਾਲੀ ਬਾਰੇ ਨਵਾਜ਼ ਸ਼ਰੀਫ਼ ਦੀ ਮੰਗ ਮੰਨ ਲੈਣ ਨਾਲ ਦੇਸ਼ ਵਿਚ ਸਿਆਸੀ ਸੰਕਟ ਹੱਲ ਹੋ ਜਾਣ ਮਗਰੋਂ ਗਿਲਾਨੀ ਨੇ ਕਿਹਾ ਕਿ ਉਹ ਪੰਜਾਬ ਸੂਬੇ ਵਿਚ ਗਵਰਨਰੀ ਰਾਜ ਦੇ ਵਿਰੁੱਧ ਹਨ ਅਤੇ ਜਿੰਨੀ ਛੇਤੀ ਹੋ ਸਕਿਆ, ਪੰਜਾਬ ਵਿਚੋਂ ਗਵਰਨਰੀ ਰਾਜ ਨੂੰ ਖਤਮ ਕੀਤਾ ਜਾਵੇਗਾ। ਪਾਕਿਸਤਾਨ ਪੀਪਲਜ਼ ਪਾਰਟੀ ਵੱਲੋਂ ਕੇਂਦਰ ਵਿਚ ਪੀ. ਐੱਮ. ਐੱਲ. ਐੱਨ. ਨਾਲ ਨਵਾਂ ਗੱਠਜੋੜ ਕਰਨ ਸਬੰਧੀ ਸਵਾਲ ਦੇ ਜਵਾਬ ਵਿਚ ਗਿਲਾਨੀ ਨੇ ਕਿਹਾ ਕਿ ਸਿਆਸਤ ਰੋਜ਼ਾਨਾ ਦਾ ਮਾਮਲਾ ਹੈ ਅਤੇ ਅਜਿਹੇ ਗੱਠਜੋੜ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

***ਅਮਰੀਕਾ ਵੱਲੋਂ ਦਬਾਅ***

ਪਾਕਿ ਵਿਚ ਸਿਆਸੀ ਸੰਕਟ ਤੇ ਅੱਤਵਾਦ ਦੇ ਮੁੱਦੇ ਨੂੰ ਠੋਸ ਤਰੀਕਿਆਂ ਨਾਲ ਹੱਲ ਕਰਨ ਲਈ ਮੌਜੂਦਾ ਸਰਕਾਰ 'ਤੇ ਅਮਰੀਕਾ ਵੱਲੋਂ ਸਖ਼ਤ ਦਬਾਅ ਪਾਇਆ ਜਾ ਰਿਹਾ ਹੈ। ਅਮਰੀਕੀ ਪ੍ਰਸ਼ਾਸਨ ਨੇ ਪਾਕਿ ਦੇ ਸਿਆਸਤਦਾਨਾਂ ਨੂੰ ਆਪਣੇ ਮਸਲੇ ਗੱਲਬਾਤ ਨਾਲ ਹੱਲ ਕਰਨ ਲਈ ਕਿਹਾ ਸੀ ਤੇ ਕਿਹਾ ਸੀ ਕਿ ਜ਼ਰਦਾਰੀ ਤੇ ਨਵਾਜ਼ ਸ਼ਰੀਫ਼ ਦੋਵਾਂ ਦੀਆਂ ਧਿਰਾਂ ਪਾਕਿ ਵਿਚ ਨਿੱਘਰਦੇ ਜਾ ਰਹੇ ਲੋਕਤੰਤਰ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਕਰਨ ਅਤੇ ਅੱਤਵਾਦ ਸਬੰਧੀ ਤੇ ਹੋਰ ਮੁਸ਼ਕਿਲਾਂ 'ਤੇ ਕਾਬੂ ਪਾਉਣ ਲਈ ਯਤਨ ਕਰਨ। ਅਮਰੀਕਾ ਨੇ ਹਰ ਸੰਭਵ ਮਦਦ ਦਾ ਭਰੋਸਾ ਵੀ ਦਿੱਤਾ।

***ਸ਼ਰੀਫ਼ ਖੇਮਾ ਬਾਗ਼ੋ-ਬਾਗ਼***

ਜੱਜਾਂ ਦੀ ਬਹਾਲੀ ਦੇ ਐਲਾਨ ਨੂੰ ਨਵਾਜ਼ ਸ਼ਰੀਫ਼ ਦੀ ਪਾਰਟੀ ਆਪਣੀ ਵੱਡੀ ਜਿੱਤ ਮੰਨ ਰਹੀ ਹੈ। ਇਸ ਫ਼ੈਸਲੇ ਨੂੰ ਮੰਨਵਾਉਣ ਲਈ ਸ਼ਰੀਫ਼ ਸਮਰਥਕਾਂ ਤੇ ਜੱਜਾਂ-ਵਕੀਲਾਂ ਨੇ ਦੇਸ਼ ਭਰ ਵਿਚ ਧਰਨੇ ਦਿੱਤੇ, ਰੋਸ ਵਿਖਾਵੇ ਕੀਤੇ। ਨਵਾਜ਼ ਸ਼ਰੀਫ਼ ਨੇ ਤਾਂ ਨਜ਼ਰਬੰਦੀ ਤੋੜ ਕੇ ਰੋਸ ਵਿਖਾਵਿਆਂ ਵਿਚ ਸ਼ਮੂਲੀਅਤ ਕੀਤੀ ਸੀ। ਹੁਣ ਥਾਂ-ਥਾਂ ਸ਼ਰੀਫ਼ ਸਮਰਥਕ ਮਿਠਾਈਆਂ ਵੰਡ ਕੇ ਤੇ ਨੱਚ ਕੇ ਖੁਸ਼ੀ ਮਨਾ ਰਹੇ ਹਨ ਅਤੇ ਆਮ ਪ੍ਰਗਟਾਅ ਰਹੇ ਹਨ ਕਿ ਪਾਕਿ ਸਿਆਸਤ ਵਿਚ ਆਉਂਦਾ ਸਮਾਂ 'ਸ਼ਰੀਫ਼' ਦਾ ਹੈ।

***ਤਾਲਿਬਾਨੀ ਕਹਿਰ ਜਾਰੀ***

ਪਾਕਿਸਤਾਨ ਦੇ ਰਾਵਲਪਿੰਡੀ ਸ਼ਹਿਰ ਵਿਚ ਇਕ ਆਤਮਘਾਤੀ ਬੰਬ ਹਮਲੇ ਵਿਚ 14 ਲੋਕ ਮਾਰੇ ਗਏ ਅਤੇ 20 ਹੋਰ ਜ਼ਖਮੀ ਹੋ ਗਏ। ਚਸ਼ਮਦੀਦਾਂ ਅਤੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਵਲਪਿੰਡੀ ਦੇ ਪੀਰ ਵਧਾਈ ਚੌਕ ਵਿਚ ਖਚਾਖਚ ਭਰੀ ਇਕ ਬੱਸ ਵਿਚ ਇਹ ਧਮਾਕਾ ਕੀਤਾ ਗਿਆ। ਹਮਲੇ ਵਿਚ ਇਕ ਮਹਿਲਾ ਸਮੇਤ 14 ਲੋਕ ਮਾਰੇ ਗਏ। ਸ਼ੱਕੀ ਆਤਮਘਾਤੀ ਬੰਬ ਹਮਲਾਵਰ ਦਾ ਸਿਰ ਘਟਨਾ ਸਥਾਨ 'ਤੇ ਪਾਇਆ ਗਿਆ। ਧਮਾਕੇ ਦੇ ਛੱਰਿਆਂ-ਨਾਲ ਕਈ ਲੋਕ ਜ਼ਖਮੀ ਹੋਏ ਅਤੇ ਵਾਹਨ-ਬੁਰੀ ਤਰ੍ਹਾਂ ਨੁਕਸਾਨੇ ਗਏ। ਹਲਕੇ ਵਿਚ ਖ਼ੌਫ਼ ਦਾ ਮਾਹੌਲ ਹਾਲੇ ਵੀ ਕਾਇਮ ਹੈ।

# ਮਹਾਰਾਜਾ ਰਣਜੀਤ ਸਿੰਘ ਦਾ ਦੁਰਲੱਭ ਚਿੱਤਰ ਡੁਬੱਈ ਤੋਂ ਆਏ ਸਿੱਖ ਮਨਿੰਦਰ ਸਿੰਘ ਨੇ ਖਰੀਦ ਲਿਆ

ਨਿਊਯਾਰਕ (ਵਿਸ਼ੇਸ਼ ਪ੍ਰਤੀਨਿਧ)-ਸਿੱਖ ਮਹਾਰਾਜਾ ਰਣਜੀਤ ਸਿੰਘ ਦਾ ਉਹਨਾਂ ਦੇ ਜੀਵਨ-ਕਾਲ ਵਿਚ ਫਰਾਂਸੀਸੀ ਚਿੱਤਰਕਾਰ ਵੱਲੋਂ ਬਣਾਇਆ ਦੁਰਲੱਭ ਚਿੱਤਰ ਅੱਜ 18 ਮਾਰਚ ਨੂੰ ਇਥੇ ਨਿਲਾਮੀ ਵਿਚ ਡੁਬੱਈ ਤੋਂ ਵਿਸ਼ੇਸ਼ ਤੌਰ 'ਤੇ ਇਸ ਮੰਤਵ ਲਈ ਆਏ ਸ. ਮਨਿੰਦਰ ਸਿੰਘ ਨੇ 26 ਹਜ਼ਾਰ ਡਾਲਰ ਵਿਚ ਖਰੀਦ ਲਿਆ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਇਹ ਚਿੱਤਰ ਪਾਣੀ ਦੇ ਰੰਗਾਂ ਵਿਚ ਫਰਾਂਸੀਸੀ ਕਲਾਕਾਰ ਲੀਓਪੋਲਡ ਮਸਾਰਡ ਦਾ ਬਣਾਇਆ ਹੋਇਆ ਹੈ ਅਤੇ ਇਹ ਪਹਿਲੀ ਵਾਰ ਲਿਥੋਗ੍ਰਾਫ ਪ੍ਰਣਾਲੀ ਨਾਲ ਬਿਬਲੋਟਿਕ ਯੂਨੀਵਰਸਲ ਵੱਲੋਂ ਛਪੀ ਵੋਇਜ਼ਿਜ ਐੱਨ. ਏਸ਼ੀਆ (ਏਸ਼ੀਆ ਦੀ ਯਾਤਰਾ) ਵਿਚ 1836 ਵਿਚ ਛਾਪਿਆ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ 1840 ਈ. ਵਿਚ ਹੋਈ ਸੀ। ਇਸ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਤਸਵੀਰ ਮਹਾਰਾਜਾ ਦੇ ਜੀਵਨ ਕਾਲ ਵਿਚ ਤੇ ਉਹਨਾਂ ਨੂੰ ਦੇਖ ਕੇ ਬਣਾਈ ਗਈ ਸੀ। ਇਸ ਲਈ ਇਹ ਚਿੱਤਰ ਮਹਾਰਾਜਾ ਰਣਜੀਤ ਸਿੰਘ ਨੂੰ ਅਸਲ ਰੂਪ ਵਿਚ ਪੇਸ਼ ਕਰਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਵਿਦੇਸ਼ ਮੰਤਰੀ ਫਕੀਰ ਅਜ਼ਰੂਦੀਨ ਨੂੰ ਜਦ ਅੰਗਰੇਜ਼ ਗਵਰਨਰ ਜਨਰਲ ਲਾਰਡ ਔਕਲੈਂਡ ਨੇ ਪੁੱਛਿਆ ਸੀ ਕਿ ਮਹਾਰਾਜਾ ਦੀ ਕਿਹੜੀ ਅੱਖ ਖਰਾਬ ਹੈ ਤਾਂ ਅਜ਼ਰੂਦੀਨ ਨੇ ਕਿਹਾ ਸੀ—ਮਹਾਰਾਜਾ ਰਣਜੀਤ ਸਿੰਘ ਤਾਂ ਸੂਰਜ ਵਾਂਗ ਹਨ। ਸੂਰਜ ਦੀ ਹਮੇਸ਼ਾ ਇੱਕੋ ਅੱਖ ਹੁੰਦੀ ਹੈ। ਉਹਨਾਂ ਦੀ ਇੱਕੋ ਅੱਖ ਦਾ ਤੇਜ਼ ਇਤਨਾ ਹੈ ਕਿ ਮੈਂ ਕਦੇ ਦੂਸਰੀ ਅੱਖ ਵੱਲ ਝਾਕ ਹੀ ਨਹੀਂ ਸਕਿਆ।

ਅੱਜ ਨਿਊਯਾਰਕ ਵਿਚ 72 ਸਟ੍ਰੀਟ ਤੇ ਸੋਨੇਬੀਅ ਕੰਪਨੀ ਵੱਲੋਂ ਮਹਾਰਾਜਾ ਦੇ ਇਸ ਦੁਰਲੱਭ ਚਿੱਤਰ ਦੀ ਨਿਲਾਮੀ ਸਮੇਂ ਸਿੱਖ ਫ਼ਿਲਮ ਐਂਡ ਆਰਟ ਫਾਊਂਡੇਸ਼ਨ ਵੱਲੋਂ ਤੇਜਿੰਦਰਪਾਲ ਸਿੰਘ ਬਿੰਦਰਾ ਨੇ ਅਤੇ ਸੁਖਮਣੀ ਕੰਸਟ੍ਰਕਸ਼ਨ ਦੇ ਭੁਪਿੰਦਰ ਸਿੰਘ ਬੋਪਾਰਾਇ ਵੀ ਇਸ ਦੁਰਲੱਭ ਚਿੱਤਰ ਨੂੰ ਸਿੱਖ ਕੌਮ ਲਈ ਖਰੀਦਣ ਪੁੱਜੇ ਸਨ। ਬੋਪਾਰਾਇ ਨੇ ਇਹ ਚਿੱਤਰ ਖਰੀਦਣ ਲਈ 21 ਹਜ਼ਾਰ ਤਕ ਬੋਲੀ ਦਿੱਤੀ, ਪਰ ਜਦ ਮਨਿੰਦਰ ਸਿੰਘ ਅੱਗੇ ਵਧ ਗਏ ਤਾਂ ਉਹਨਾਂ ਨੇ ਇਹ ਸੋਚ ਕੇ ਅੱਗੋਂ ਬੋਲੀ ਨਾ ਦਿੱਤੀ ਕਿ ਕਿਤੇ ਦੋਵੇਂ ਸਿੱਖ ਆਪਸ ਵਿਚ ਭਿੜ ਕੇ ਬੋਲੀ ਵਧਾਉਂਦੇ ਨਾ



ਮਹਾਰਾਜਾ ਰਣਜੀਤ ਸਿੰਘ ਦਾ ਦੁਰਲੱਭ ਚਿਤਰ ਖਰੀਦਣ ਵਾਲਾ ਡੁਬੱਈ ਤੋਂ ਆਇਆ ਮਨਿੰਦਰ ਸਿੰਘ (ਖੱਬੇ) ਅਤੇ ਭੁਪਿੰਦਰ ਸਿੰਘ ਬੋਪਾਰਾਇ।

ਚਲੇ ਜਾਣ। ਇਸ ਲਈ ਦੁਬੱਈ ਤੋਂ ਆਏ ਮਨਿੰਦਰ ਸਿੰਘ ਇਹ ਦੁਰਲੱਭ ਚਿੱਤਰ ਖਰੀਦਣ ਵਿਚ ਸਫਲ ਹੋ ਗਏ।

ਚਿੱਤਰ ਖਰੀਦਣ ਤੋਂ ਬਾਅਦ ਮਨਿੰਦਰ ਸਿੰਘ ਨੇ ਸ਼ੇਰ-ਏ-ਪੰਜਾਬ ਨੂੰ ਦੱਸਿਆ ਕਿ ਉਹ ਸਿਰਫ਼ ਇਸ ਚਿੱਤਰ ਨੂੰ ਖਰੀਦਣ ਲਈ ਹੀ ਡੁਬੱਈ ਤੋਂ ਨਿਊਯਾਰਕ ਆਏ ਸਨ ਤੇ ਪ੍ਰਮਾਤਮਾ ਦੀ ਮਿਹਰ ਹੋਈ ਹੈ ਕਿ ਉਹ ਇਸ ਸਿੱਖ ਵਿਰਾਸਤ ਨੂੰ ਖਰੀਦ ਸਕੇ ਹਨ।

ਮਨਿੰਦਰ ਸਿੰਘ ਤੇ ਉਹਨਾਂ ਦੇ ਬਾਪ ਹਰਨੇਕ ਸਿੰਘ ਦਾ ਡੁਬੱਈ ਵਿਚ ਟਰਾਂਸਪੋਰਟ ਦਾ ਕਾਰੋਬਾਰ ਹੈ। ਉਹ ਇਸ ਚਿੱਤਰ ਨੂੰ ਆਪਣੇ ਨਿੱਜੀ ਸੰਗ੍ਰਹਿ ਵਿਚ ਰੱਖਣਗੇ ਜਾਂ ਸਿੱਖ ਅਜਾਇਬਘਰ ਅੰਮ੍ਰਿਤਸਰ ਨੂੰ ਦਾਨ ਕਰ ਦੇਣਗੇ, ਇਸ ਬਾਰੇ ਉਹ ਆਪਣੇ ਜੀ ਨਾਲ ਸਲਾਹ ਕਰਕੇ ਹੀ ਫੈਸਲਾ ਕਰਨਗੇ।

## ਜੇਲ 'ਚ ਸਿੱਖ ਕੈਦੀ ਦੇ ਕੇਸ ਕਤਲ

ਅਜਮੇਰ—ਇਥੋਂ ਦੀ ਕੇਂਦਰੀ ਜੇਲ ਵਿਚ ਪੰਜਾਬ ਦੇ ਇਕ ਸਿੱਖ ਕੈਦੀ ਸੁਖਵਿੰਦਰ ਸਿੰਘ ਦੇ ਕੇਸ ਕਤਲ ਕਰਨ ਅਤੇ ਕੁੱਟਮਾਰ ਦਾ ਮਾਮਲਾ ਭਖ ਗਿਆ ਹੈ। ਇਸ ਮਾਮਲੇ ਵਿਚ ਅਦਾਲਤੀ ਇਸਤਗਾਸੇ ਨਾਲ ਜੇਲ ਪ੍ਰਸ਼ਾਸਨ ਨੇ ਉਚ ਪੱਧਰੀ ਜਾਂਚ-ਪੜਤਾਲ ਕੀਤੀ ਹੈ। ਇਸ ਦੇ ਨਾਲ ਹੀ ਸਿੱਖ ਭਾਈਚਾਰੇ ਵਿਚ ਰੋਸ ਪਾਇਆ ਜਾ ਰਿਹਾ ਹੈ। ਸੁਖਵਿੰਦਰ ਸਿੰਘ ਦਾ ਦੋਸ਼ ਹੈ ਕਿ ਜੇਲ ਵਿਚ ਸੁੱਖ ਸਹੂਲਤਾਂ ਪ੍ਰਦਾਨ ਕਰਨ ਲਈ ਉਸ ਕੋਲੋਂ ਪੈਸੇ ਮੰਗੇ ਗਏ। ਉਸ ਨੇ 20 ਹਜ਼ਾਰ ਰੁਪਏ ਕੁਝ ਸਮਾਂ ਪਹਿਲਾਂ ਦਿਤੇ ਸਨ ਪਰ ਸਹੂਲਤਾਂ ਨਹੀਂ ਮਿਲੀਆਂ। ਦੂਜੀ ਵਾਰ ਮੁੜ 20 ਹਜ਼ਾਰ ਰੁਪਏ ਮੰਗਣ 'ਤੇ ਉਸ ਵਲੋਂ-ਨਾਂਹ ਕਰ ਦੇਣ 'ਤੇ ਉਸ ਦੇ ਕੇਸ ਕਤਲ ਕਰ ਦਿਤੇ ਗਏ ਅਤੇ ਡੰਡਿਆਂ-ਨਾਲ ਕੁਟਿਆ ਗਿਆ।

# ਵਾਰਨਰ ਦਾ ਮੰਤਵ ਹਿੰਦੀ-ਪੰਜਾਬੀ ਦਰਸ਼ਕਾਂ ਨੂੰ ਖਿੱਚਣਾ


ਨਿਊਯਾਰਕ-ਟਾਈਮ ਵਾਰਨਰ ਕੇਬਲ ਨਵੀਂ ਪੇਸ਼ਕਸ਼ 'ਕ੍ਰੋਜਿੰਗਜ ਟੀ. ਵੀ.' ਲੈ ਕੇ ਆਇਆ ਹੈ ਅਤੇ ਇਸਦਾ ਮੰਤਵ ਟ੍ਰਾਈ ਸਟੇਟ ਰੀਜਨ ਦੇ ਦਰਸ਼ਕਾਂ ਨੂੰ ਲੁਭਾਉਣਾ ਹੈ। ਇਹ ਇੱਕ ਬਹੁ-ਸੱਭਿਆਚਾਰ ਚੈਨਲ ਹੈ ਜਿਸ ਵਿਚ ਹਿੰਦੀ ਅਤੇ ਪੰਜਾਬੀ ਪ੍ਰੋਗਰਾਮ ਨੂੰ ਵੀ ਸਮਾਂ ਦਿੱਤਾ ਜਾਵੇਗਾ। ਕ੍ਰੋਜਿੰਗਜ ਟੀ. ਵੀ. ਨਿਊਯਾਰਕ ਅਤੇ ਆਸ-ਪਾਸ ਟਾਈਮ ਵਾਰਨਰ 'ਤੇ 503 'ਤ ਮੁਹੱਈਆ ਹੈ।

ਕ੍ਰੋਜਿੰਗਜ ਟੀ. ਵੀ. ਦੇ ਤਰਜ਼ਮਾਨ ਮੁਤਾਬਿਕ ਚੈਨਲ ਨੂੰ 'ਇੱਕ ਕਮਿਊਨਿਟੀ ਓਰੀਐਂਟਿਡ ਸਟੇਸ਼ਨ' ਬਣਾਇਆ ਗਿਆ ਹੈ ਅਤੇ ਇਹ ਏਸ਼ੀਅਨ ਇੰਡੀਅਨ ਸਮਾਜ ਨਾਲ ਮਿਲ ਕੇ ਕੰਮ ਕਰੇਗਾ ਜਿਸਦਾ ਮਕਸਦ ਟ੍ਰਾਈ ਸਟੇਟ ਰੀਜਨ ਸਮਾਜਿਕ ਜਥੇਬੰਦੀਆਂ ਅਤੇ ਸਭਿਆਚਾਰਕ ਸਭਾਵਾਂ ਅਤੇ ਸਥਾਨਕ ਏਥਨਿਕ ਵਸੋਂ ਲਈ ਕੰਮ ਕਰਨਾ ਹੋਵੇਗਾ। ਚੈਨਲ ਵੱਲੋਂ ਜਾਰੀ ਇੱਕ ਪ੍ਰੈੱਸ ਰਿਲੀਜ਼ ਮੁਤਾਬਿਕ ਚੈਨਲ ਦਾ ਨਿਊਯਾਰਕ ਦਫ਼ਤਰ ਕਵੀਂਸ ਦੇ ਫਲੱਸ਼ਿੰਗ ਵਿਚ ਸਥਿਤ ਹੈ।

ਹਿੰਦੀ ਅਤੇ ਪੰਜਾਬੀ ਭਾਸ਼ਾ ਦੇ ਪ੍ਰੋਗਰਾਮ ਨੂੰ ਖਾਸ ਟਾਈਮ ਬੈਂਡ ਦਿੱਤੇ ਜਾਣਗੇ ਜਿਹਨਾਂ ਵਿਚ ਮੌਰਨਿੰਗ ਸਲੋਟ ਵਿਚ ਸ਼ਬਦ ਕੀਰਤਨ ਅਤੇ ਪੰਜਾਬੀ ਖਬਰਾਂ, ਦੁਪਹਿਰ ਦੀ ਸਭਾ ਵਿਚ ਹਿੰਦੀ ਨਾਟਕ, ਬਾਲੀਵੁੱਡ, ਪੰਜਾਬੀ ਸੰਗੀਤ ਅਤੇ ਹੋਰ ਮਨੋਰੰਜਕ ਸ਼ੋਅ ਆਦਿ ਪੇਸ਼ ਕੀਤੇ ਜਾਣਗੇ। ਇਸ ਵਿਚ ਕ੍ਰਿਕਟ ਲਈ ਵੀ ਵਿਸ਼ੇਸ਼ ਥਾਂ ਹੋਵੇਗੀ।

## ਜੇਲ੍ਹ 'ਚ ਐਸ਼ ਕਰ ਰਿਹੈ ਸ਼ਹਾਬੂਦੀਨ

ਪਟਨਾ—ਬਿਹਾਰ ਦੀ ਸੀਵਾਨ ਜੇਲ ਵਿਚ ਬੰਦ ਬਾਹੂਬਲੀ ਐੱਮ. ਪੀ. ਸ਼ਹਾਬੂਦੀਨ ਤ[illegible] 13500 ਰੁਪਏ, 5 ਮੋਬਾਈਲ ਅਤੇ 4 ਮੋਬਾਈਲ ਚਾਰਜਰ ਬਰਾਮਦ ਕੀਤੇ ਗਏ।



ਇਹ ਬਰਾਮਦਗੀ ਉਸ ਵੇਲੇ ਹੋਈ ਜਦੋਂ ਜੇਲ ਅਧਿਕਾਰੀਆਂ ਨੇ ਉਨ੍ਹਾਂ ਦੀ ਕੋਠੜੀ ਵਿਚ ਛਾਪੇਮਾਰੀ ਕੀਤੀ। ਉਥੋਂ ਮਹਿੰਗੇ ਵਿਦੇਸ਼ੀ ਪਰਫਿਊਮ ਦੀਆਂ ਬੋਤਲਾਂ ਵੀ ਮਿਲੀਆਂ।


KARN GILL



Canton, MI
734-612-9984
KarnGill@Hotmail.com
**www.KarnGill.com**

**REALTOR**
[Coldwell Bankers Preffered]
Help Buying a House
Help Selling a House
Discount on Sale Commission Rates
Trust, Honesty, Understanding PLUS

**LOAN OFFICER**
[Evergreen Mortgage]
New Purchase, Home Loans
Existing Mortgage Refinancing
Lowest Possible Closing Cost, 0 Points
Lowest Possible Bank Interest Rates
Lowest Possible Monthly Payments

REALTOR®
COLDWELL BANKER